# FARM AND SPICE

Open 7 Days a Week
8.30 am to 9.00 pm

## SPECIAL OFFERS: 16-22 FEB

Daily Specials on

ਧਨੀਆ
Cilantro
79¢ each

ਚੁਕੰਦਰ
Beets
$1.29 /lb

ਲਾਲ ਸੇਬ
Red Delicious Apple
$1.29 /lb

ਆਵੋਕਾਡੋ
Avocado
99¢ each

ਹਰੇ/ਪੀਲੇ ਨਿੰਬੂ
Lime/Lemon
2 for $1.00

ਘੀਆ
Opo Long
$1.49 /lb

ਐਂਬ੍ਰੋਸੀਆ ਸੇਬ
Ambrosia Apple
$1.29 /lb

ਗਾਲਾ ਬੀ ਸੀ ਸੇਬ
Gala BC Apple
$1.29 /lb

ਅਦਰਕ
Ginger
$1.99 /lb

ਲੈਟਿਸ ਹੈੱਡ
Lettuce Head
$1.99 each

ਸੈਲਰੀ
Celery
$1.99 each

ਸੰਤਰਾ ਛੋਟਾ/ਵੱਡਾ
Orange Small/Large
$1.49 /lb

ਸਰੋਂ ਦਾ ਤੇਲ
Gagan Mustard Oil
250ml
$1.49 each

ਮੈਂਗੋ ਜੂਸ
ITN Mango Juice
1.5Ltr
$2.99 each

ਰੂਹ ਅਫਜ਼ਾ
Rooh Afza Pakistani
800ml
$3.99 each

ਐਸੌਰਟਿਡ ਕੁਕੀਜ਼
Toasted tradition Assorted Cookies
1.5 vlb
$5.99 each

ਸਰੋਂ ਦਾ ਸਾਗ
Sohna Saron Da Saag
850g
$3.99 each

ਮੇਰੀ ਚਾਹ
Meri Chai Tea Bags
216Bags
$5.49 each

ਐਸੌਰਟਿਡ ਰੱਸ
Aap Ki Pasand Assorted Rusk
600g
$3.99 each

ਸ਼ਹਿਦ
Mothers Love Honey
900 g
$7.99 each

ਆਈ ਟੀ ਐਨ ਚਾਵਲ
ITN Basmati Super Long Rice
8 lb
$9.99 each

ਰੈਡ ਲੇਬਲ ਚਾਹ
Red Label Tea
216 bags
$12.99 each

ਕਨੋਲਾ ਤੇਲ
Canola Harvest Canola Oil
3 ltr
$12.99 each

ਆਸ਼ੀਰਵਾਦ ਆਟਾ
Aashriwad Whole Wheat Atta
20 lb
$19.99 each

ਦੇਸੀ ਘਿਓ
Nutrifresh Desi Ghee
1.6 kg
$29.99 each

**#9546-9548 Scott Town Plaza 96 Ave Scott Road Surrey**
**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ਆਸਾਮ ਵਿਚ ਹਿੰਦੂ ਸੰਗਠਨ ਨੇ ਈਸਾਈ ਸਕੂਲਾਂ ਨੂੰ ਧਾਰਮਿਕ ਚਿੰਨ੍ਹ ਛੱਡਣ ਦੀ ਦਿੱਤੀ ਧਮਕੀ

ਨਵੀਂ ਦਿੱਲੀ:ਆਸਾਮ ਵਿੱਚ ਇੱਕ ਹਿੰਦੂ ਸੰਗਠਨ ਨੇ ਰਾਜ ਦੇ ਈਸਾਈ ਸਕੂਲਾਂ ਨੂੰ 15 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ ਕਿ ਉਹ ਆਪਣੇ ਕੈਂਪਸ ਵਿੱਚ ਪਾਦਰੀਆਂ, ਨਨਾਂ ਅਤੇ ਲੇਬਰ ਭਰਾਵਾਂ ਦੁਆਰਾ ਪਹਿਨੇ ਜਾਂਦੇ ਸਾਰੇ ਈਸਾਈ ਚਿੰਨ੍ਹਾਂ ਅਤੇ ਧਾਰਮਿਕ ਪਹਿਰਾਵੇ ਨੂੰ ਬੰਦ ਕਰਨ।ਕੁਟੰਬ ਸੁਰੱਖਿਆ ਕੌਂਸਲ ਦੁਆਰਾ ਜਾਰੀ ਅਲਟੀਮੇਟਮ ਵਿੱਚ ਸਕੂਲ ਕੈਂਪਸ ਵਿੱਚ ਸਥਿਤ ਚਰਚਾਂ ਦੇ ਨਾਲ-ਨਾਲ ਯਿਸੂ ਅਤੇ ਮੈਰੀ ਦੀਆਂ ਮੂਰਤੀਆਂ ਅਤੇ ਤਸਵੀਰਾਂ ਨੂੰ ਹਟਾਉਣਾ ਸ਼ਾਮਲ ਹੈ।ਸੰਗਠਨ ਨੇ ਦਾਅਵਾ ਕੀਤਾ ਹੈ ਕਿ ਇਸ ਕਦਮ ਦਾ ਉਦੇਸ਼ 'ਇਸਾਈ ਮਿਸ਼ਨਰੀਆਂ ਨੂੰ ਧਾਰਮਿਕ ਪਰਿਵਰਤਨ ਗਤੀਵਿਧੀਆਂ ਲਈ ਸਕੂਲਾਂ ਦੀ ਵਰਤੋਂ ਕਰਨ ਤੋਂ ਰੋਕਣਾ' ਹੈ।

7 ਫਰਵਰੀ ਨੂੰ ਗੁਹਾਟੀ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ, ਸੰਗਠਨ ਦੇ ਪ੍ਰਧਾਨ ਸੱਤਿਆ ਰੰਜਨ ਬੋਰਾ ਨੇ ਕਿਹਾ, 'ਇਸਾਈ ਮਿਸ਼ਨਰੀ ਸਕੂਲਾਂ ਅਤੇ ਸਿੱਖਿਆ ਸੰਸਥਾਵਾਂ ਨੂੰ ਧਾਰਮਿਕ ਸੰਸਥਾਵਾਂ ਵਿੱਚ ਬਦਲ ਰਹੇ ਹਨ। ਅਸੀਂ ਇਸ ਦੀ ਇਜਾਜ਼ਤ ਨਹੀਂ ਦੇਵਾਂਗੇ।

ਸੰਗਠਨ ਨੇ ਦਾਅਵਾ ਕੀਤਾ ਹੈ ਕਿ ਇਸ ਕਦਮ ਦਾ ਉਦੇਸ਼ 'ਇਸਾਈ ਮਿਸ਼ਨਰੀਆਂ ਨੂੰ ਧਾਰਮਿਕ ਪਰਿਵਰਤਨ ਗਤੀਵਿਧੀਆਂ ਲਈ ਸਕੂਲਾਂ ਦੀ ਵਰਤੋਂ ਕਰਨ ਤੋਂ ਰੋਕਣਾ' ਹੈ।7 ਫਰਵਰੀ ਨੂੰ ਗੁਹਾਟੀ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ, ਸੰਗਠਨ ਦੇ ਪ੍ਰਧਾਨ ਸੱਤਿਆ ਰੰਜਨ ਬੋਰਾ ਨੇ ਕਿਹਾ, 'ਇਸਾਈ ਮਿਸ਼ਨਰੀ ਸਕੂਲਾਂ ਅਤੇ ਸਿੱਖਿਆ ਸੰਸਥਾਵਾਂ ਨੂੰ ਧਾਰਮਿਕ ਸੰਸਥਾਵਾਂ ਵਿੱਚ ਬਦਲ ਰਹੇ ਹਨ। ਅਸੀਂ ਇਸ ਦੀ ਇਜਾਜ਼ਤ ਨਹੀਂ ਦੇਵਾਂਗੇ।ਜਥੇਬੰਦੀ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਈਸਾਈ ਸਕੂਲਾਂ ਨੇ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਗੁਹਾਟੀ ਦੇ ਆਰਚਬਿਸ਼ਪ ਜੌਨ ਮਲਚਿਰਾ ਨੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਉਸ ਨੇ ਦੱਸਿਆ, 'ਅਸੀਂ ਧਮਕੀ ਤੋਂ ਜਾਣੂ ਹਾਂ ਅਤੇ ਮੈਨੂੰ ਸਮਝ ਨਹੀਂ ਆ ਰਿਹਾ ਕਿ ਅਜਿਹਾ ਕਿਉਂ ਹੋ ਰਿਹਾ ਹੈ।' ਉਸ ਨੇ ਇਹ ਵੀ ਕਿਹਾ ਕਿ ਅਜਿਹੀਆਂ ਬੇਤੁਕੀਆਂ ਧਮਕੀਆਂ ਨਾਲ ਨਜਿੱਠਣ ਲਈ ਕਾਨੂੰਨੀ ਉਪਾਵਾਂ ਬਾਰੇ ਵਿਚਾਰ ਕੀਤਾ ਜਾਵੇਗਾ।

ਅਲਟੀਮੇਟਮ ਦੇ ਜਵਾਬ ਵਿੱਚ, ਈਸਾਈ ਨੇਤਾਵਾਂ ਨੇ ਸਾਵਧਾਨੀ ਦੇ ਉਪਾਅ ਵਜੋਂ ਪਾਦਰੀਆਂ, ਨਨਾਂ ਅਤੇ ਆਮ ਈਸਾਈਆਂ ਨੂੰ ਕੈਂਪਸ ਵਿੱਚ ਖਾਸ ਭਾਰਤੀ ਪਹਿਰਾਵਾ ਪਹਿਨਣ ਦੀ ਸਲਾਹ ਦਿੱਤੀ ਹੈ।

ਈਸਾਈ ਨੇਤਾਵਾਂ ਨੇ ਈਸਾਈ ਧਰਮ ਅਤੇ ਮਿਸ਼ਨਰੀ ਗਤੀਵਿਧੀਆਂ ਨੂੰ ਦਰਪੇਸ਼ ਖਤਰਿਆਂ ਨਾਲ ਨਜਿੱਠਣ ਲਈ ਅਸਾਮ ਦੇ ਮੁੱਖ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਹਿਮੰਤ ਬਿਸਵਾ ਸ਼ਰਮਾ ਨਾਲ ਸੰਪਰਕ ਕਰਨ ਦੀ ਯੋਜਨਾ ਬਣਾਈ ਹੈ।

ਈਸਾਈ ਨੇਤਾਵਾਂ ਦਾ ਕਹਿਣਾ ਹੈ ਕਿ ਹਾਲ ਹੀ ਦੇ ਸਾਲਾਂ ਵਿੱਚ ਉੱਤਰ-ਪੂਰਬੀ ਭਾਰਤ ਖੇਤਰ ਵਿੱਚ ਈਸਾਈ ਧਰਮ ਅਤੇ ਮਿਸ਼ਨਰੀ ਗਤੀਵਿਧੀਆਂ ਨੂੰ ਖਤਰਾ ਵਧਿਆ ਹੈ, ਕਿਉਂਕਿ ਹਿੰਦੂ ਸੰਗਠਨਾਂ ਨੇ ਹਿੰਦੂ ਰਾਸ਼ਟਰਵਾਦ ਦੀ ਮੁਹਿੰਮ ਨੂੰ ਅੱਗੇ ਵਧਾਇਆ ਹੈ।

ਆਸਾਮ ਵਿੱਚ ਈਸਾਈਆਂ ਦੀ ਆਬਾਦੀ 3.74 ਪ੍ਰਤੀਸ਼ਤ ਹੈ, ਜੋ ਕਿ ਰਾਸ਼ਟਰੀ ਔਸਤ 2.3 ਪ੍ਰਤੀਸ਼ਤ ਤੋਂ ਵੱਧ ਹੈ।

ਯੂਨਾਈਟਿਡ ਕ੍ਰਿਸਚੀਅਨ ਫੋਰਮ (ਯੂਸੀਐਫ), ਜੋ ਕਿ ਈਸਾਈ ਮੁੱਦਿਆਂ 'ਤੇ ਕੰਮ ਕਰਨ ਵਾਲੀ ਇੱਕ ਸਿਵਲ ਸੋਸਾਇਟੀ ਸੰਸਥਾ ਹੈ, ਨੇ ਪਿਛਲੇ ਸਾਲ ਇੱਕ ਬਿਆਨ ਜਾਰੀ ਕਰਕੇ ਇਸਾਈ ਭਾਈਚਾਰੇ ਦੇ ਖਿਲਾਫ ਹਮਲਿਆਂ ਵਿੱਚ ਵਾਧੇ ਨੂੰ ਉਜਾਗਰ ਕੀਤਾ ਸੀ। ਰਿਪੋਰਟ ਵਿਚ ਕਿਹਾ ਗਿਆ ਸੀ ਕਿ ਇਕੱਲੇ 2023 ਦੇ ਪਹਿਲੇ ਅੱਠ ਮਹੀਨਿਆਂ ਵਿਚ ਭਾਰਤ ਵਿਚ ਈਸਾਈਆਂ ਵਿਰੁੱਧ 525 ਹਮਲੇ ਹੋਏ।ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਰੁਝਾਨ ਜਾਰੀ ਰਿਹਾ, ਤਾਂ 2023 ਭਾਰਤ ਵਿੱਚ ਇਸਾਈ ਭਾਈਚਾਰੇ ਲਈ ਹੁਣ ਤੱਕ ਦੇ ਸਭ ਤੋਂ ਹਿੰਸਕ ਅਤੇ ਮੁਸ਼ਕਲ ਸਾਲਾਂ ਵਿੱਚੋਂ ਇੱਕ ਸਾਬਤ ਹੋਵੇਗਾ, ਜੋ ਉਸ ਤੋਂ ਪਹਿਲਾਂ ਦੇ 2022 ਅਤੇ 2021 ਦੇ ਤਾਜ਼ਾ ਰਿਕਾਰਡ ਨੂੰ ਤੋੜਦਾ ਹੈ।ਸੰਗਠਨ ਨੇ ਕਿਹਾ ਸੀ, 'ਹਿੰਸਾ ਦੀਆਂ ਇਹ ਸਾਰੀਆਂ ਘਟਨਾਵਾਂ ਹਿੰਦੂ ਫਿਰਕਾਪ੍ਰਸਤਾਂ ਦੁਆਰਾ ਕੀਤੀਆਂ ਗਈਆਂ, ਜਿਨ੍ਹਾਂ ਨੂੰ ਕਥਿਤ ਤੌਰ 'ਤੇ ਸੱਤਾਧਾਰੀਆਂ ਤੋਂ ਸਮਰਥਨ ਪ੍ਰਾਪਤ ਹੈ।

# ਪੂੰਜੀਵਾਦੀ ਕੰਪਨੀਆਂ ਵੱਲੋਂ ਸਿਆਸੀ ਪਾਰਟੀ ਬਣਾ ਕੇ ਦੇਸ਼ 'ਤੇ ਕਬਜ਼ਾ ਕਰਨ ਨਾਲ ਕਿਸਾਨਾਂ ਨਾਲ ਹੋ ਰਹੀ ਬੇਇਨਸਾਫ਼ੀ:ਟਿਕੈਤ



ਨਵੀਂ ਦਿੱਲੀ:-ਕਿਸਾਨਾਂ ਦੇ ਧਰਨੇ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਜਦੋਂ ਦੇਸ਼ ਦੀ ਵਿਰੋਧੀ ਧਿਰ ਕਮਜ਼ੋਰ ਹੁੰਦੀ ਹੈ ਤਾਂ ਦੇਸ਼ ਵਿੱਚ ਤਾਨਾਸ਼ਾਹ ਪੈਦਾ ਹੋ ਜਾਂਦੇ ਹਨ। ਸਾਰੀਆਂ ਸਿਆਸੀ ਪਾਰਟੀਆਂ ਇੱਕ ਹਨ। ਜੋ ਸੱਤਾ ਵਿੱਚ ਹਨ ਅਤੇ ਵਿਰੋਧੀ ਧਿਰ ਵਿੱਚ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਸਰਕਾਰ ਬਚਾਉਣੀ ਚਾਹੀਦੀ ਹੈ, ਜਦੋਂ ਦੇਸ਼ ਦਾ ਰਾਜਾ ਕਹਿ ਰਿਹਾ ਹੈ ਕਿ ਅਸੀਂ 400 ਸੀਟਾਂ ਜਿੱਤਾਂਗੇ ਤਾਂ ਦੇਸ਼ 'ਚ ਚੋਣਾਂ ਦੀ ਲੋੜ ਕਿੱਥੇ ਹੈ?ਤੁਹਾਨੂੰ ਇਹ ਚੋਣ ਦੁਬਾਰਾ ਕਰਨੀ ਚਾਹੀਦੀ ਹੈ। ਦੇਸ਼ ਨੂੰ ਪਾਗਲ ਕਿਉਂ ਬਣਾ ਰਹੇ ਹੋ..?

ਰਾਕੇਸ਼ ਟਿਕੈਤ ਨੇ ਕਿਹਾ ਕਿ ਦੇਸ਼ 'ਚ ਵੱਡੀਆਂ ਪੂੰਜੀਵਾਦੀ ਕੰਪਨੀਆਂ ਹਨ, ਉਨ੍ਹਾਂ ਨੇ ਸਿਆਸੀ ਪਾਰਟੀ ਬਣਾ ਕੇ ਇਸ ਦੇਸ਼ 'ਤੇ ਕਬਜ਼ਾ ਕਰ ਲਿਆ ਹੈ।ਅਜਿਹੀ ਸਥਿਤੀ ਵਿੱਚ ਕਿਸਾਨਾਂ ਨਾਲ ਕੋਈ ਬੇਇਨਸਾਫ਼ੀ ਹੋਈ ਤਾਂ ਸਮੱਸਿਆਵਾਂ ਪੈਦਾ ਹੋਣਗੀਆਂ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਉਨ੍ਹਾਂ ਲਈ ਕੋਈ ਸਮੱਸਿਆ ਪੈਦਾ ਕਰਦੀ ਹੈ ਤਾਂ ਨਾ ਤਾਂ ਉਹ ਕਿਸਾਨ ਸਾਡੇ ਤੋਂ ਦੂਰ ਹਨ ਅਤੇ ਨਾ ਹੀ ਦਿੱਲੀ ਸਾਡੇ ਤੋਂ ਦੂਰ ਹੈ।

# ਕੇਂਦਰ ਸਰਕਾਰ ਕਿਸਾਨਾਂ ਨਾਲ ਟਕਰਾਅ ਅਤੇ ਜਬਰ ਜ਼ੁਲਮ ਦਾ ਰਾਹ ਛੱਡ ਕੇ ਉਨ੍ਹਾਂ ਦੀਆਂ ਮੰਗਾਂ ਨੂੰ ਹੱਲ ਕਰੇ:ਬੀਬੀ ਰਣਜੀਤ ਕੌਰ

ਨਵੀਂ ਦਿੱਲੀ: ਕੇਂਦਰ ਦੀ ਭਾਜਪਾ ਸਰਕਾਰ ਵਲੋਂ ਕਿਸਾਨਾਂ ਨੂੰ ਦੋ ਸਾਲ ਪਹਿਲਾਂ ਫਸਲਾਂ ਉਪਰ ਐਮਐਸਪੀ ਦੇਣ ਦੀ ਗਰੰਟੀ ਦਿੱਤੀ ਸੀ ਜਿਸ ਉਪਰੰਤ ਉਨ੍ਹਾਂ ਵਲੋਂ ਲਗਾਇਆ ਗਿਆ ਮੋਰਚਾ ਖ਼ਤਮ ਕੀਤਾ ਗਿਆ ਸੀ ਪਰ ਦੋ ਸਾਲ ਬੀਤ ਜਾਣ ਮਗਰੋਂ ਵੀ ਸਰਕਾਰ ਆਪਣੇ ਵਾਅਦੇ ਉਪਰ ਖਰੀ ਨਹੀਂ ਉਤਰੀ ਜਿਸ ਕਰਕੇ ਹੁਣ ਮੁੜ ਕਿਸਾਨ ਦਿੱਲੀ ਨੂੰ ਘੇਰਣ ਲਈ ਵੱਖ ਵੱਖ ਰਾਜਾ ਤੋਂ ਚਾਲੇ ਪਾ ਚੁੱਕੇ ਹਨ । ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਇਸਤਰੀ ਵਿੰਗ ਦੇ ਮੁੱਖ ਸੇਵਾਦਾਰ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਕੀਤੇ ਆਪਣੇ ਬਿਆਨ ਰਾਹੀਂ ਕਿਹਾ ਕਿ ਕੇਂਦਰ ਅਤੇ ਹਰਿਆਣਾ ਸਰਕਾਰ ਵਲੋਂ ਕਿਸਾਨਾਂ ਨੂੰ ਰੋਕਣ ਲਈ ਜਿਸ ਤਰ੍ਹਾਂ ਦੀਆਂ ਰੋਕਾਂ ਲਗਾਈ ਗਈਆਂ ਹਨ ਓਹ ਦੇਖ ਕੇ ਇਹ ਮਹਿਸੂਸ ਹੋ ਰਿਹਾ ਹੈ ਕਿ ਓਹ ਇਸ ਦੇਸ਼ ਦੇ ਨਾਗਰਿਕ ਹੀ ਨਹੀਂ ਹਨ । ਇਸ ਨਾਲ ਪੰਜਾਬ ਅਤੇ ਦਿੱਲੀ ਵਿਚਕਾਰ ਫਾਸਲਾ ਵਧੇਗਾ ਅਤੇ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਹੋਰ ਗਹਿਰਾ ਹੋਏਗਾ । ਅਸੀ ਸਰਕਾਰ ਨੂੰ ਵੀ ਅਪੀਲ ਕਰਦੇ ਹਾਂ ਕਿ ਓਹ ਟਕਰਾਅ ਅਤੇ ਜਬਰ ਜ਼ੁਲਮ ਦਾ ਰਾਹ ਛੱਡ ਕੇ ਕਿਸਾਨਾਂ ਦੀਆਂ ਮੰਗਾ ਨੂੰ ਤੁਰੰਤ ਹੱਲ ਕਰੇ ।ਉਨ੍ਹਾਂ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਕਰਨਾ ਸਾਡਾ ਸੰਵਿਧਾਨਿਕ ਹੱਕ ਹੈ ਪਰ ਕਿਸਾਨਾਂ ਦੇ ਰਸਤੇ ਵਿੱਚ ਰੁਕਾਵਟਾਂ ਪਾਉਣਾ ਇਨ੍ਹਾਂ ਹੱਕਾਂ ਦਾ ਘਾਣ ਹੈ। ਸ਼ੰਭੂ ਬਾਰਡਰ ਤੇ ਹਰਿਆਣਾ ਸਰਕਾਰ ਵਲੋਂ ਕਿਸਾਨਾਂ ਤੇ ਛੱਡੇ ਗਏ ਅੱਥਰੂ ਗੈਸ ਅਤੇ ਵਾਟਰ ਕੈਨਨ ਦੀ ਬੋਛਾੜਾ ਦੀ ਜਿਤਨੀ ਨਿੰਦਾ ਕੀਤੀ ਜਾਏ ਓਹ ਘੱਟ ਹੈ।ਅੰਤ ਵਿਚ ਉਨ੍ਹਾਂ ਕਿਹਾ ਕਿ ਅਸੀ ਸਮੂਹ ਪੰਥਕ, ਰਾਜਨੀਤਿਕ ਅਤੇ ਸਮੂਹ ਜਥੇਬੰਦੀਆਂ ਦੇ ਨਾਲ ਹਰ ਇਨਸਾਨ ਨੂੰ ਕਿਸਾਨ ਵੀਰਾਂ ਦੀ ਹਮਾਇਤ ਲਈ ਅੱਗੇ ਆਉਣ ਦੀ ਅਪੀਲ ਕਰਦੇ ਹਾਂ ਜਿਸ ਨਾਲ ਉਨ੍ਹਾਂ ਵਲੋਂ ਆਪਣੀ ਮੰਗਾਂ ਮਨਵਾਉਣ ਲਈ ਲਗਾਏ ਜਾ ਰਹੇ ਮੋਰਚੇ ਵਿਚ ਬਲ ਮਿਲੇਗਾ।










# ਜਬਰੀ ਵਸੂਲੀ ਮਾਮਲੇ ‘ਚ 5 ਪੰਜਾਬੀਆਂ ਨੂੰ ਮਿਲੀ ਜ਼ਮਾਨਤ ਦੀ ਸਖਤ ਨਿੰਦਾ

ਟੋਰਾਂਟੋ- ਕੈਨੇਡਾ ਵਿਚ 5 ਪੰਜਾਬੀਆਂ ਨੂੰ ਜਬਰੀ ਵਸੂਲੀ ਦੇ ਮਾਮਲੇ ਵਿਚ ਜ਼ਮਾਨਤ ਦਿੱਤੇ ਜਾਣ ਨੂੰ ਲੈ ਕੇ ਬਵਾਲ ਮਚਿਆ ਹੋਇਆ ਹੈ। ਪੀਲ ਪੁਲਿਸ ਨੇ ਦੱਖਣੀ ਏਸ਼ੀਆਈ ਲੋਕਾਂ ਤੋਂ ਫਿਰੌਤੀ ਵਸੂਲਣ ਦੇ ਦੋਸ਼ ਹੇਠ ਅਰੁਣਦੀਪ ਥਿੰਦ (39), ਗਗਨ ਅਜੀਤ ਸਿੰਘ (23), ਅਨਮੋਲ ਦੀਪ ਸਿੰਘ (23), ਹਸ਼ਮੀਤ ਕੌਰ (25) ਅਤੇ ਲਈਮਨਜੋਤ ਕੌਰ ਨੂੰ ਗ੍ਰਿਫ਼ਤਾਰ ਕੀਤਾ ਸੀ। ਰਿਹਾਈ ਤੋਂ ਬਾਅਦ ਇਹ ਮੁਲਜਮ ਸੋਸ਼ਲ ਮੀਡੀਆ ‘ਤੇ ਰੀਲਜ਼ ਬਣਾ ਰਹੇ ਹਨ, ਜਿਸਦੀ ਸਖ਼ਤ ਨਿੰਦਾ ਹੋ ਰਹੀ ਹੈ। ਹਾਲਾਂਕਿ ਵਿਰੋਧੀ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਅਤੇ ਕੈਨੇਡਾ ‘ਚ ਹੋਣ ਵਾਲੀਆਂ ਚੋਣਾਂ ‘ਚ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਮੁੱਖ ਦਾਅਵੇਦਾਰ ਪਿਯਰੇ ਪੋਇਲਵਰੇ ਨੇ ਟਰੂਡੋ ਸਰਕਾਰ ਦੀ ਅਪਰਾਧੀਆਂ ਨੂੰ ਫੜਨ ਅਤੇ ਛੱਡਣ ਦੀ ਨੀਤੀ ਦੀ ਸਖ਼ਤ ਨਿੰਦਾ ਕੀਤੀ ਹੈ।

ਦੋਸ਼ੀਆਂ ਅਪਰਾਧੀਆਂ ਦੇ ਲਈ ਲਾਜ਼ਮੀ ਘੱਟੋ-ਘੱਟ ਕੈਦ ਦੀ ਸਜ਼ਾ ਨੂੰ ਰੱਦ ਕਰਨ ਨਾਲ ਜਬਰੀ ਵਸੂਲੀ ਕਰਨ ਵਾਲਿਆਂ ਲਈ ਜੇਲ੍ਹ ‘ਚੋਂ ਬਾਹਰ ਨਿਕਲਣਾ ਅਤੇ ਦੁਬਾਰਾ ਅਪਰਾਧ ਕਰਨਾ ਸੌਖਾ ਹੋ ਗਿਆ ਹੈ। ਵੈੱਬਸਾਈਟ ‘ਤੇ ਕਿਹਾ ਗਿਆ ਹੈ ਕਿ ਪਾਰਟੀ ਨੇ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕਈ ਵਾਰ ਜਾਣੂ ਕਰਵਾਇਆ ਹੈ ਪਰ ਇਸ ਦਿਸ਼ਾ ‘ਚ ਕੋਈ ਕਾਰਵਾਈ ਨਹੀਂ ਕੀਤੀ ਗਈ। ਕੰਜ਼ਰਵੇਟਿਵ ਪਾਰਟੀ ਜੇਕਰ ਸੱਤਾ ਵਿਚ ਆਉਂਦੀ ਹੈ, ਤਾਂ ਜਬਰੀ ਵਸੂਲੀ ਕਰਨ ਵਾਲਿਆਂ ਲਈ ਘੱਟੋ-ਘੱਟ ਕੈਦ ਦੀ ਸਜ਼ਾ ਬਹਾਲ ਕੀਤੀ ਜਾਵੇਗੀ।

ਇਸ ਵਿਚ ਗਿਰੋਹ, ਹਥਿਆਰਾਂ ਅਤੇ ਸਾੜਫੂਕ ਨਾਲ ਸਬੰਧਤ ਜਬਰੀ ਵਸੂਲੀ ਦੇ ਕੇਸਾਂ ਲਈ ਘੱਟੋ-ਘੱਟ ਜੇਲ੍ਹ ਦੀ ਸਜ਼ਾ ਵੀ ਸ਼ਾਮਲ ਹੈ।

ਕੰਜ਼ਰਵੇਟਿਵ ਪਾਰਟੀ ਨੇ ਜਬਰੀ ਵਸੂਲੀ ਦੇ ਮੁਲਜ਼ਮਾਂ ਨੂੰ ਛੱਡਣ ‘ਤੇ ਕਿਹਾ ਹੈ ਕਿ ਜਸਟਿਨ ਟਰੂਡੋ ਦੇ 8 ਸਾਲਾਂ ਦੇ ਕਾਰਜਕਾਲ ‘ਚ ਪੂਰੇ ਕੈਨੇਡਾ ਭਰ ਵਿਚ ਜਬਰੀ ਵਸੂਲੀ ਦੀ ਦਰ ਵੱਧ ਗਈ ਹੈ। ਜਦਕਿ ਕਸਬੇ ਅਤੇ ਸ਼ਹਿਰ ਜੋ ਪਹਿਲਾਂ ਸ਼ਾਂਤਮਈ ਹੁੰਦੇ ਸਨ ਪਰ ਹੁਣ ਇਹ ਵਿਦੇਸ਼ੀ ਗੈਂਗਸਟਰਾਂ ਅਤੇ ਦਹਿਸ਼ਤ ਫੈਲਾਉਣ ਵਾਲਿਆਂ ਦੇ ਨਿਸ਼ਾਨੇ ‘ਤੇ ਹਨ।

ਪਾਰਟੀ ਦਾ ਦੋਸ਼ ਹੈ ਕਿ ਨਾਗਰਿਕਾਂ ਨੂੰ ਹਿੰਸਾ ਅਤੇ ਸਾੜਫੂਕ ਦੀਆਂ ਧਮਕੀਆਂ ਦਿੱਤੀ ਜਾ ਰਹੀ ਹਨ। ਪਾਰਟੀ ਦੀ ਵੈੱਬਸਾਈਟ ਦੇ ਅਨੁਸਾਰ ਜਸਟਿਨ ਟਰੂਡੋ ਦੀ ਫੜਨ ਅਤੇ ਛੱਡਣ ਵਾਲੀ ਨਿਆਂ ਪ੍ਰਣਾਲੀ ਠੀਕ ਨਹੀਂ ਹੈ।


# THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC


## (ਮੁੱਖ ਪੰਨੇ ਦੀ ਬਾਕੀ)

ਰਾਜਾਂ ਦੇ ਲੋਕਾਂ ਵਲੋਂ ਇਸ ਕਾਨੂੰਨ ਨੂੰ ਆਪਣੀ ਵਸੋਂ ਦੀ ਬਣਤਰ ਅਤੇ ਸੱਭਿਆਚਾਰ ਉੱਤੇ ਹਮਲੇ ਵਜੋਂ ਵੇਖਿਆ ਜਾ ਰਿਹਾ ਹੈ।ਤੀਜਾ ਤਾਮਿਲਨਾਡੂ ਅਤੇ ਕਰਨਾਟਕ ਵਿਚ ਇਸ ਦੇ ਵਿਰੋਧ ਦਾ ਕਾਰਨ ਉਕਤ ਦੋਵਾਂ ਕਾਰਨਾਂ ਤੋਂ ਵੱਖਰਾ ਹੈ ਤੇ ਇਸ ਦਾ ਸੰਬੰਧ ਸ਼੍ਰੀਲੰਕਾ ਦੇ ਤਾਮਿਲਾਂ ਨਾਲ ਹੈ।

ਚੌਥਾ ਬੰਗਾਲੀ ਕੌਮ ਵੱਲੋਂ ਜ਼ਬਰਦਸਤ ਵਿਰੋਧ ਦਾ ਕਾਰਨ ਇਸ ਨੂੰ ਬੰਗਾਲੀ ਕੌਮ ਨਾਲ ਵਿਤਕਰੇ ਵੱਜੋਂ ਦੇਖਿਆ ਜਾ ਰਿਹਾ।ਭਾਜਪਾ ਦੇ ਰਾਜ ਵਿਚ ਮੁਸਲਮਾਨ ਹਿੰਦੂਤਵੀ ਹੈਕੜ ਦੀ ਸਿੱਧੀ ਮਾਰ ਝੱਲ ਰਹੇ ਹਨ। ਗਊ-ਮਾਸ, ਤੀਨ-ਤਲਾਕ, ਕਸ਼ਮੀਰ ਅਤੇ ਬਾਬਰੀ ਮਸਜਿਦ-ਅਯੁਧਿਆ ਫੈਸਲੇ ਤੋਂ ਬਾਅਦ ਹੁਣ ਨਾਗਰਿਕਤਾ ਸੋਧ ਕਾਨੂੰਨ ਨਾਲ ਭਾਜਪਾ ਮੁਸਲਮਾਨਾਂ ਵਿਰੁਧ ਆਪਣਾ ਹਮਲਾਵਰ ਰੁਖ ਬਰਕਰਾਰ ਰੱਖ ਰਹੀ ਹੈ।ਮੁਸਲਮਾਨਾਂ ਦੇ ਚੋਣਵੇਂ ਹਿੱਸੇ ਇਸ ਕਨੂੰਨ ਦਾ ਵਿਰੋਧ ਕਰ ਵੀ ਰਹੇ ਹਨ।ਭਾਰਤੀ ਉਪਮਹਾਂਦੀਪ (ਦਿੱਲੀ ਸਲਤਨਤ) ਵਿਚ ਵਸੋਂ, ਸੱਭਿਆਚਾਰ, ਬੋਲੀ, ਵਿਸ਼ਵਾਸ਼, ਨਸਲ ਅਦਿ ਦੇ ਪੱਖ ਤੋਂ ਬਹੁਤ ਭਿੰਨਤਾ ਹੈ। ਭਾਰਤ ਦੇ ਉੱਤਰ-ਪੂਰਬ ਵਿਚ ਸਥਿਤ ਸੱਤ ਰਾਜਾਂ ਵਿੱਚ 238 ਕਬੀਲੇ ਵਸਦੇ ਹਨ ਜਿਨ੍ਹਾਂ ਦੀ ਨਸਲ, ਬੋਲੀ, ਰਹਿਤ, ਧਾਰਮਿਕ ਵਿਸ਼ਵਾਸ਼ ਆਦਿ ਨਾ ਸਿਰਫ ਇਸ ਉਪਮਹਾਂਦੀਪ ਦੇ ਬਾਕੀ ਲੋਕਾਂ ਤੋਂ ਵੱਖਰੇ ਹਨ ਬਲਕਿ ਇਹਨਾਂ ਸੂਬਿਆਂ ਦੇ ਲੋਕਾਂ ਆਪਸ ਵਿਚ ਵੀ ਉਕਤ ਨੁਕਤਿਆਂ ਤੋਂ ਬਹੁਤ ਭਿੰਨ ਹਨ।ਭਾਵੇਂ ਕਿ ਇਹਨਾਂ ਖੇਤਰਾਂ ਵਿਚ ਵੱਸਣ ਵਾਲੇ ਬਹੁਤੇ ਲੋਕ ਕਬਾਇਲੀ ਹਨ ਪਰ ਉਹਨਾਂ ਦਾ ਸੰਬੰਧ ਵੱਖ-ਵੱਖ ਕਬੀਲਿਆਂ ਨਾਲ ਹੈ। ਉਹ ਆਪਣੇ-ਆਪਣੇ ਕਬੀਲੇ ਮੁਤਾਬਕ ਹੀ ਵਿਚਰਨਾ ਲੋਚਦੇ ਹਨ ਅਤੇ ਨਹੀਂ ਚਾਹੁੰਦੇ ਕਿ ਦੂਜੇ ਲੋਕ ਉਹਨਾਂ ਦੇ ਖਿੱਤੇ ਵਿਚ ਵੱਸਣ। ਇਸ ਲਈ ਇਹਨਾਂ ਖੇਤਰਾਂ ਦੇ ਲੋਕ ਆਪਣੀ ਆਪਣੀ ਵਸੋਂ ਦੇ ਤਵਾਜਨ ਪ੍ਰਤੀ ਕਾਫੀ ਸੁਚੇਤ ਹਨ। ਜਿਸ ਕਰਕੇ ਦੂਜੇ ਦੇਸ਼ਾਂ ਤੋਂ ਆਏ ਲੱਖਾਂ ਲੋਕਾਂ ਨੂੰ ਨਾਗਰਿਕਤਾ ਮਿਲਣ ਨੂੰ ਉੱਤਰ-ਪੂਰਬੀ ਖੇਤਰਾਂ ਦੇ ਲੋਕਾਂ ਵੱਲੋਂ ਆਪਣੇ ਵਸੋਂ ਦੇ ਤਵਾਜਨ, ਤੇ ਆਪਣੀ ਪਛਾਣ (ਸੱਭਿਆਚਾਰ, ਬੋਲੀ, ਨਸਲ ਆਦਿ) ਉੱਤੇ ਹਮਲੇ ਵਜੋਂ ਵੇਖਿਆ ਜਾ ਰਿਹਾ ਹੈ।

ਸ੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਕਨੂੰਨ ਦਾ ਵਿਰੋਧ ਕਰਦਿਆਂ ਕਿਹਾ ਕਿ ਖ਼ਾਲਸੇ ਦੀ ਹਸਤੀ ਆਜ਼ਾਦ ਹੈ। ਇਸ ਉਪਰ ਕੋਈ ਕੋਡ ਲਾਗੂ ਨਹੀਂ ਹੁੰਦਾ ਅਤੇ ਖ਼ਾਲਸੇ ਦਾ ਆਪਣਾ ਕੋਡ ਹੈ, ਜੋ ਗੁਰੂ ਸਾਹਿਬ ਨੇ ਬਖਸ਼ਿਆ ਹੈ। ਯੂਸੀਸੀ ਬਾਰੇ ਮੈਂ ਸਮਝਦਾ ਕਿ ਏਥੇ ਵੱਖ-ਵੱਖ ਸਟੇਟਾਂ ਹਨ ਅਤੇ ਉਨ੍ਹਾਂ ਦਾ ਆਪਣਾ ਸੱਭਿਆਚਾਰ ਹੈ।”ਧਾਮੀ ਮੁਤਾਬਕ, “ਜੇਕਰ ਕੋਈ ਧੱਕਾ ਹੋਵੇਗਾ ਤਾਂ ਇਸ ਨਾਲ ਸਾਡੀਆਂ ਰਵਾਇਤਾਂ ਅਤੇ ਸੱਭਿਆਚਾਰ ਵੀ ਖਤਮ ਹੋ ਜਾਣਗੇ। ਅਸੀਂ ਤਾਂ ਇਸ ਦੇ ਸਵਾਲ ਬਾਰੇ ਲਿਖ ਕੇ ਭੇਜਿਆ ਸੀ ਕਿ ਇਹ ਲਾਗੂ ਨਾ ਕੀਤਾ ਜਾਵੇ।”

ਚੰਡੀਗੜ੍ਹ ਵਿਖੇ ਰਹਿਣ ਵਾਲੇ ਇਤਿਹਾਸਕਾਰ ਗੁਰਦਰਸ਼ਨ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਸਿੱਖ ਭਾਈਚਾਰਾ ਹਮੇਸ਼ਾ ਤੋਂ ਇਹੀ ਮੰਗ ਕਰਦਾ ਆ ਰਿਹਾ ਹੈ ਕਿ ਸਾਡੇ ਉੱਤੇ ਹਿੰਦੂ ਕਾਨੂੰਨ ਨਹੀਂ ਲਾਗੂ ਹੋਣੇ ਚਾਹੀਦੇ।ਉਹ ਕਹਿੰਦੇ ਹਨ, “ਸਿੱਖਾਂ ਨੂੰ ਇਹ ਖ਼ਦਸ਼ਾ ਹੈ ਕਿ ਉਨ੍ਹਾਂ ਉੱਤੇ ਪਹਿਲਾਂ ਹੀ ਹਿੰਦੂ ਕਾਨੂੰਨ ਲਾਗੂ ਹਨ ਪਰ ਆਪਣੇ ਅਲੱਗ ਕਾਨੂੰਨਾਂ ਕਾਰਨ ਇੱਕ ਉਮੀਦ ਤਾਂ ਹੈ।

ਜੇ ਇਹ ਨਵਾਂ ਕੋਡ ਲਾਗੂ ਹੋ ਗਿਆ ਤਾਂ ਸਾਡੀਆਂ ਇਨ੍ਹਾਂ ਪੁਰਾਣੀਆਂ ਮੰਗਾਂ ਦਾ ਕੀ ਬਣੇਗਾ।”ਇਤਿਹਾਸਕਾਰ ਗੁਰਦਰਸ਼ਨ ਸਿੰਘ ਢਿੱਲੋਂ ਕਹਿੰਦੇ ਹਨ ਕਿ ‘ਸਿੱਖਾਂ ਦਾ ਵਿਆਹ ਅਨੰਦ ਮੈਰਿਜ ਐਕਟ ਮੁਤਾਬਕ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਅਸੀਂ ਲਾਵਾਂ ਲੈਂਦੇ ਹਾਂ। ਪਰ ਹਿੰਦੂਆਂ ਦੇ ਰੀਤੀ-ਰਿਵਾਜ ਅਲੱਗ ਹਨ, ਇਹ ਸਮਾਨ ਕਿਵੇਂ ਹੋ ਸਕਦੇ ਹਨ।


# CANRISE IMMIGRATION

www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ

ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

iccrc crcic



# UNI GLOBAL IMMIGRATION

Consulting Services Ltd.

Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com

RCIC CRIC

# ਜੇਕਰ ਸਿੱਖ ਲੀਡਰਸ਼ਿਪ ਨੇ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਲਈ ਕੋਈ ਸਮੂਹਿਕ ਉੱਦਮ ਨਾ ਕੀਤਾ ਤਾਂ ਕੌਮ ਸਾਨੂੰ ਨਹੀਂ ਕਰੇਗੀ ਮੁਆਫ਼:ਮਾਨ

ਨਵੀਂ ਦਿੱਲੀ-"1946 ਵਿਚ ਜਦੋ ਅੰਗਰੇਜ਼ ਹਕੂਮਤ ਆਪਣਾ ਰਾਜ ਭਾਗ ਛੱਡਕੇ ਜਾ ਰਹੀ ਸੀ, ਤਾਂ ਉਸ ਸਮੇ ਦੀ ਸਿੱਖ ਲੀਡਰਸਿਪ ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਸ. ਬਲਦੇਵ ਸਿੰਘ ਸਨ। ਜੋ ਅੰਗਰੇਜ਼ਾਂ ਨਾਲ ਸਿੱਖਾਂ ਦੇ ਬਿਨ੍ਹਾਂ ਤੇ ਗੱਲ ਕਰ ਰਹੇ ਸਨ। ਉਨ੍ਹਾਂ ਵੱਲੋ ਸਿੱਖ ਕੌਮ ਦੀਆਂ ਭਾਵਨਾਵਾ ਅਨੁਸਾਰ ਦ੍ਰਿੜਤਾ ਨਾਲ ਸਟੈਂਡ ਨਾ ਲੈਕੇ ਹਿੰਦੂਤਵ ਆਗੂਆਂ ਦੇ ਪਿੱਛ ਲੱਗ ਬਣਕੇ ਆਜਾਦ ਸਿੱਖ ਸਟੇਟ ਕਾਇਮ ਕਰਨ ਦੇ ਸਥਾਂਨ ਉਤੇ ਹਿੰਦੂਤਵ ਆਗੂਆ ਨਾਲ ਹੀ ਆਪਣੀ ਕੌਮੀ ਹੋਦ ਨੂੰ ਜੋੜਨ ਲਈ ਗੁਸਤਾਖੀ ਕਰਨ ਦੀ ਬਦੌਲਤ ਹੀ ਅੱਜ ਸਿੱਖ ਨੌਜਵਾਨ ਅਤੇ ਸਾਡੇ ਵਰਗੇ ਉਸ ਲੀਡਰਸਿਪ ਨੂੰ ਦੁਰਕਾਰ ਰਹੇ ਹਨ।

ਮੌਜੂਦਾ ਸਿੱਖ ਕੌਮ ਦੀ ਬਣੀ ਸਥਿਤੀ ਲਈ ਉਸ ਲੀਡਰਸਿਪ ਨੂੰ ਜਿੰਮੇਵਾਰ ਠਹਿਰਾਉਦੇ ਹੋਏ ਕੋਸ ਰਹੇ ਹਾਂ ਅਤੇ ਬਿਲਕੁਲ ਵੀ ਮੁਆਫ਼ ਨਹੀ ਕਰ ਰਹੇ। ਉਸੇ ਤਰ੍ਹਾਂ ਜੇਕਰ ਅਜੋਕੇ ਸਮੇ ਵਿਚ ਜਦੋ ਸਵਾਰਥੀ ਲੀਡਰਸਿਪ ਸ਼੍ਰੋਮਣੀ ਅਕਾਲੀ ਦਲ ਦੇ ਨਾਮ ਦੀ ਦੁਰਵਰਤੋ ਕਰਕੇ ਆਪਣੇ ਸਿਆਸੀ, ਪਰਿਵਾਰਿਕ, ਨਿੱਜੀ ਮੁਫਾਦਾ ਵਿਚ ਗ੍ਰਸਤ ਹੋ ਕੇ ਸਿੱਖ ਕੌਮ ਨਾਲ ਧੋਖੇ ਕਰਦੀ ਆ ਰਹੀ ਹੈ, ਤਾਂ ਉਸ ਸਮੇ ਸਿੱਖ ਕੌਮ ਨੂੰ ਹਰ ਤਰਫ ਆਪਣੀ ਬਾਜ ਨਜਰ ਰੱਖਦੇ ਹੋਏ ਪਹਿਚਾਨਣਾ ਪਵੇਗਾ ਕਿ ਸ਼੍ਰੋਮਣੀ ਅਕਾਲੀ ਦਲ ਜਿਸ ਮਕਸਦ ਨੂੰ ਲੈਕੇ 1925 ਵਿਚ ਹੋਦ ਵਿਚ ਆਇਆ ਸੀ, ਉਸ ਮੀਰੀ-ਪੀਰੀ ਦੇ ਸਿਧਾਂਤ ਉਤੇ ਪਹਿਰਾ ਦੇਣ ਵਾਲਾ ਅਸਲ ਅਕਾਲੀ ਦਲ ਕਿਹੜਾ ਹੈ ? ਫਿਰ ਉਸਦੀ ਪਹਿਚਾਣ ਕਰਕੇ ਆਉਣ ਵਾਲੇ ਸਮੇ ਵਿਚ ਸਭ ਸਿੱਖਾਂ ਵੱਲੋ ਪਾਰਟੀਆਂ, ਧੜਿਆ ਦੀ ਸੌੜੀ ਸੋਚ ਤੋ ਉਪਰ ਉੱਠਕੇ ਉਸ ਅਕਾਲੀ ਦਲ ਨੂੰ ਹੀ ਵੋਟ ਪਾਉਣ ਲਈ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ। ਜੋ ਸਿੱਖਾਂ ਦੀ ਮਨੋਭਾਵਨਾ ਉਤੇ ਪੂਰਾ ਉੱਤਰਦਾ ਹੋਵੇ ਅਤੇ ਸੰਜ਼ੀਦਗੀ ਨਾਲ ਸੰਪੂਰਨ ਆਜਾਦ ਬਾਦਸਾਹੀ ਸਿੱਖ ਰਾਜ ਨੂੰ ਤੀਜੀ ਵਾਰ ਕਾਇਮ ਕਰਨ ਲਈ ਸੁਹਿਰਦ ਤੇ ਸਮਰੱਥ ਹੋਵੇ ।

ਜੇਕਰ ਸਿੱਖ ਕੌਮ ਤੇ ਸਿੱਖ ਲੀਡਰਸਿਪ ਇਸ ਜਿੰਮੇਵਾਰੀ ਨੂੰ ਪੂਰਨ ਨਾ ਕਰ ਸਕੀ ਤਾਂ ਆਉਣ ਵਾਲੀ ਸਿੱਖ ਪਨੀਰੀ ਸਾਨੂੰ ਉਸੇ ਤਰ੍ਹਾਂ ਮੁਆਫ਼ ਨਹੀ ਕਰੇਗੀ ਜਿਵੇ ਕਿ ਅੱਜ ਅਸੀ ਪੁਰਾਤਨ ਲੀਡਰਸਿਪ ਦੀਆਂ ਗਲਤੀਆ ਲਈ ਉਨ੍ਹਾਂ ਨੂੰ ਮੁਆਫ਼ ਨਹੀ ਕਰ ਰਹੇ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ. ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿੱਖ ਕੌਮ ਦੇ 20ਵੀਂ ਸਦੀ ਦੇ ਮਹਾਨ ਨਾਇਕ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆ ਦੇ 77ਵੇਂ ਜਨਮ ਦਿਹਾੜੇ ਦੇ ਸਮਾਗਮ ਉਤੇ ਸਿੱਖ ਕੌਮ ਨੂੰ ਸੰਦੇਸ ਦੇਣ ਉਪਰੰਤ ਮੌਜੂਦਾ ਹਾਲਾਤਾਂ ਉਤੇ ਇਕ ਗੰਭੀਰ ਤਪਸਰਾ ਕਰਦੇ ਹੋਏ ਜਾਹਰ ਕੀਤੇ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਇਸ ਸੱਚ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਕਿ ਖ਼ਾਲਸਾਈ ਸਿਧਾਤਾਂ ਉਤੇ ਤੀਸਰੀ ਵਾਰ ਫਿਰ ਖ਼ਾਲਸਾ ਰਾਜ ਕਾਇਮ ਕਰਨ ਤੋ ਬਿਨ੍ਹਾਂ ਸਿੱਖ ਕੌਮ ਅਤੇ ਪੰਜਾਬੀਆਂ ਨੂੰ ਦਰਪੇਸ ਆ ਰਹੇ ਸਮੁੱਚੇ ਗੰਭੀਰ ਮਸਲਿਆ ਦਾ ਨਾ ਤਾਂ ਹੱਲ ਹੋ ਸਕਦਾ ਹੈ ਅਤੇ ਨਾ ਹੀ ਅਸੀ ਇਸ ਰਾਜ ਭਾਗ ਤੋ ਬਿਨ੍ਹਾਂ ਅਣਖ-ਗੈਰਤ ਵਾਲੀ ਜਿੰਦਗੀ ਜਿਊਂਣ ਦੇ ਸਮਰੱਥ ਹੋ ਸਕਦੇ ਹਾਂ । ਇਸ ਸੱਚ ਨੂੰ ਗੁਰੂ ਸਾਹਿਬ ਨੇ ਵੀ ਆਪਣੇ ਮੁਖਾਰਬਿੰਦ ਤੋ 'ਰਾਜ ਬਿਨ੍ਹਾ ਨਹੀ ਧਰਮ ਚਲੇ ਹੈ, ਧਰਮ ਬਿਨ੍ਹਾਂ ਸਭ ਦਲੈ ਮਲੈ ਹੈ'। ਉਚਾਰਕੇ ਬਹੁਤ ਪਹਿਲੇ ਉਜਾਗਰ ਕਰ ਦਿੱਤਾ ਸੀ।

ਇਸ ਲਈ ਰਾਜ ਭਾਗ ਕਾਇਮ ਕਰਨਾ ਹਰ ਸਿੱਖ ਦੇ ਮਨ-ਆਤਮਾ ਦਾ ਫੈਸਲਾ ਹੋਣਾ ਚਾਹੀਦਾ ਹੈ ਫਿਰ ਹੀ ਸਮੂਹਿਕ ਤਾਕਤ ਬਣਕੇ ਇਸ ਮੰਜਿਲ ਦੀ ਅਵੱਸ ਪ੍ਰਾਪਤੀ ਹੋਵੇਗੀ।

ਸ. ਮਾਨ ਨੇ ਇਕ ਗੰਭੀਰ ਮੁੱਦੇ ਨੂੰ ਛੋਹਦੇ ਹੋਏ ਜਾਗਰੂਕ ਕਰਦੇ ਹੋਏ ਕਿਹਾ ਕਿ ਸਿੱਖਾਂ ਵੱਲੋ ਦਿੱਤੇ ਜਾਣ ਵਾਲੇ ਅਹੁਦਿਆ ਤੋ ਅਸਤੀਫਿਆ ਅਤੇ ਹਿੰਦੂਆਂ ਦੇ ਦਿੱਤੇ ਜਾਣ ਵਾਲੇ ਅਸਤੀਫਿਆ ਵਿਚ ਬਹੁਤ ਵੱਡਾ ਫਰਕ ਹੈ। ਜਦੋ ਮੇਰੇ ਵਰਗਾਂ ਸਿੱਖ ਆਪਣੇ ਕਿਸੇ ਅਹੁਦੇ ਤੋਂ ਅਸਤੀਫਾ ਦਿੰਦਾ ਹੈ ਤਾਂ ਉਸਨੂੰ ਇਹ ਹਿੰਦੂਤਵ ਹੁਕਮਰਾਨ ਝੱਟ ਪ੍ਰਵਾਨ ਕਰ ਲੈਂਦੇ ਹਨ ਅਤੇ 5-5 ਸਾਲ ਦੀਆਂ ਜੇਲ੍ਹਾਂ ਵਿਚ ਜ਼ਬਰੀ ਬੰਦੀ ਬਣਾ ਦਿੰਦੇ ਹਨ ।

ਲੇਕਿਨ ਹੁਣ ਜਦੋ ਇਕ ਹਿੰਦੂ ਸੋਚ ਵਾਲੇ ਪੰਜਾਬ ਦੇ ਗਵਰਨਰ ਨੇ ਆਪਣੇ ਅਹੁਦੇ ਤੋ ਅਸਤੀਫਾ ਦਿੱਤਾ ਹੈ ਤਾਂ ਉਸਨੂੰ ਕਈ ਦਿਨ ਲੰਘਣ ਤੋ ਬਾਅਦ ਵੀ ਨਾ ਤਾਂ ਪ੍ਰਵਾਨ ਕੀਤਾ ਗਿਆ ਹੈ।

ਬਲਕਿ ਅਸਤੀਫਾ ਦੇਣ ਉਪਰੰਤ ਸਰਹੱਦਾਂ ਉਤੇ ਤਿੰਨ ਦਿਨਾਂ ਦੇ ਲੰਮੇ ਸਮੇ ਲਈ ਹਿੰਦੂਤਵ ਹੁਕਮਰਾਨਾਂ ਦੀਆਂ ਪੰਜਾਬ ਸੂਬੇ ਤੇ ਸਿੱਖ ਕੌਮ ਵਿਰੋਧੀ ਸਾਜਿਸਾਂ ਨੂੰ ਪੂਰਨ ਕਰਨ ਲਈ ਦੌਰੇ ਵੀ ਕਰ ਰਹੇ ਹਨ । ਇਹ ਫਰਕ ਹੈ ਸਿੱਖਾਂ ਅਤੇ ਹਿੰਦੂਆਂ ਵਿਚ। ਫਿਰ ਕਿਉਂ ਨਾ ਆਪਾ ਆਪਣੀ ਅਣਖ ਅਤੇ ਗੈਰਤ ਨੂੰ ਕਾਇਮ ਰੱਖਦੇ ਹੋਏ ਤੇ ਆਪਣੀ ਵਿਲੱਖਣ ਤੇ ਅਣਖੀਲੀ ਪਹਿਚਾਣ ਦਾ ਸੰਸਾਰਭਰ ਨੂੰ ਸੰਦੇਸ ਦਿੰਦੇ ਹੋਏ ਸਮੂਹਿਕ ਤੌਰ ਤੇ ਅਤੇ ਜਮਹੂਰੀਅਤ ਤੌਰ ਤੇ ਆਪਣੇ ਵੋਟ ਹੱਕ ਦੀ ਸਹੀ ਵਰਤੋ ਕਰਦੇ ਹੋਏ ਆਪਣੇ ਆਜਾਦੀ ਦੇ ਮਿਸਨ ਦੀ ਜਮਹੂਰੀ ਢੰਗਾਂ ਰਾਹੀ ਪ੍ਰਾਪਤੀ ਕਰਕੇ ਗੁਰੂ ਸਾਹਿਬਾਨ ਜੀ ਦੀ ਸੋਚ ਅਨੁਸਾਰ ਖ਼ਾਲਸਾ ਰਾਜ ਕਾਇਮ ਕਰੀਏ । ਜਿਸ ਵਿਚ ਬਰਾਬਰਤਾ, ਇਨਸਾਫ ਅਤੇ ਸਾਫ-ਸੁਥਰੇ ਰਾਜ ਪ੍ਰਬੰਧ ਨੂੰ ਅਮਲੀ ਰੂਪ ਵਿਚ ਲਾਗੂ ਕਰਕੇ ਆਪਣੇ ਕੌਮੀ ਸੰਦੇਸ ਨੂੰ ਦੁਨੀਆ ਦੇ ਹਰ ਕੋਨੇ-ਕੋਨੇ ਵਿਚ ਪਹੁੰਚਾਉਣ ਦੀ ਜਿੰਮੇਵਾਰੀ ਨਿਭਾਈਏ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*17 ਫਰਵਰੀ ਦਿਨ ਸ਼ਨਿਚਰਵਾਰ ਨੂੰ ਬੀਬੀਆਂ ਦੇ ਜਥੇ ਵੱਲੋਂ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਹੋਣਗੇ।
*17 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ ਜਿਸ ਵਿਚ ਹਜ਼ੂਰੀ ਰਾਗੀ ਭਾਈ ਰਣਜੀਤ ਸਿੰਘ ਜੀ ਲੁਧਿਆਣੇ ਵਾਲੇ ਅਤੇ ਸੰਤ ਬਾਬਾ ਭਗਵੰਤ ਸਿੰਘ ਜੀ ਅਤੇ ਗੁ. ਗੁਰਸਾਗਰ ਮਸਤੂਆਣਾ ਸਰੀ ਵਾਲੇ (ਬਾਬਾ ਜਗਜੀਤ ਸਿੰਘ ਜੀ) ਦੀਵਾਨ ਸਜਾਉਣਗੇ।
*18 ਫਰਵਰੀ ਐਤਵਾਰ ਸਵੇਰ 9.30 ਵਜੇ ਤੋਂ ਦੁਪਹਿਰ 1 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ ਜਿਸ ਵਿਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਹਜ਼ੂਰੀ ਰਾਗੀ ਭਾਈ ਰਣਜੀਤ ਸਿੰਘ ਜੀ ਲੁਧਿਆਣਾ ਵਾਲੇ, ਸੰਤ ਬਾਬਾ ਭਗਵੰਤ ਸਿੰਘ ਜੀ ਅਤੇ ਗੁ. ਗੁਰਸਾਗਰ ਮਸਤੂਆਣਾ ਸਰੀ ਵਾਲੇ (ਬਾਬਾ ਜਗਜੀਤ ਸਿੰਘ ਜੀ) ਦੀਵਾਨ ਸਜਾਉਣਗੇ।
ਨੋਟ:ਹਰ ਸ਼ਨਿਚਰਵਾਰ ਨੂੰ ਰਾਤ ਦੇ ਅਤੇ ਹਰ ਐਤਵਾਰ ਨੂੰ ਦਿਨ ਦੇ ਦੀਵਾਨ ਸਜਦੇ ਹਨ।

ਨੋਟ: 23-24-25 ਫਰਵਰੀ ਨੂੰ 7ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਅਤੇ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਸ੍ਰੀ ਅਖੰਡਪਾਠ ਸਾਹਿਬ ਕਰਵਾਏ ਜਾਣਗੇ ਅਤੇ ਵਿਸ਼ੇਸ਼ ਗੁਰਮਤਿ ਸਮਾਗਮ ਹੋ ਰਹੇ ਹਨ। ਸਭ ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ। ਅਖੰਡਪਾਠ ਸਾਹਿਬ ਦੀ ਸੇਵਾ ਦੀਪ ਟਾਇਰ ਕੰਪਨੀ ਦੇ ਪਰਿਵਾਰਾਂ ਵੱਲੋਂ ਹੋਵੇਗੀ।

ਰਾਗੀ ਜੱਥੇ
ਭਾਈ ਰਣਜੀਤ ਸਿੰਘ ਜੀ ਲੁਧਿਆਣੇ ਵਾਲੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ

ਕਥਾਵਾਚਕ
ਬਾਬਾ ਜਗਜੀਤ ਸਿੰਘ ਜੀ
ਸੇਵਕ ਜਥਾ ਮਸਤੂਆਣਾ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ
5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ
6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਤਖ਼ਤ ਸ੍ਰੀ ਹੁਜ਼ੂਰ ਸਾਹਿਬ:ਅਗਾਂਹ ਤੋਂ ਬੋਰਡ ਦੇ 17 ਮੈਂਬਰਾਂ ਵਿਚੋਂ 12 ਸਿੱਧੇ ਸਰਕਾਰ ਵੱਲੋਂ ਥੋਪੇ ਜਾਣਗੇ...!

ਨਜਾਇਜ ਕਬਜਾ ਦੱਸ ਮਸੀਤਾਂ ਤੇ ਸਿੱਧੀਆਂ ਹੀ ਢਾਹੀ ਜਾ ਰਹੇ ਨੇ ਪਰ ਏਧਰ ਹਾਲ ਦੀ ਘੜੀ ਇੰਝ ਦਾ ਕੁਝ ਨਹੀਂ ਕਰਨਗੇ..ਅਜੇ ਬਾਡਰਾਂ ਤੇ ਬੜੀ ਲੋੜ ਏ..ਸਿਰ ਤੇ ਆਣ ਪਈ ਤੇ ਕਿਸੇ ਹੋਰ ਕੋਲੋਂ ਝਾਲ ਜੂ ਨੀ ਝੱਲ ਹੋਣੀ..!

ਏਧਰ ਨੱਕ ਸਿੱਧਾ ਨਹੀਂ ਸਗੋਂ ਘੁਮਾ ਕੇ ਫੜਨਗੇ.. ਜਿੰਨ ਦੀ ਜਾਨ ਤੋਤੇ ਅੰਦਰ..ਸਿੱਧਾ ਤੋਤਾ ਹੀ ਕਬਜੇ ਵਿਚ ਲੈਣਗੇ..ਰਫੂਗਿਰੀ ਲਈ ਪੋਚੇ ਮਾਰਾਂ ਅਤੇ ਝੋਲੀ ਚੁੱਕਾਂ ਦੀ ਫੌਜ ਪਹਿਲੋਂ ਹੀ ਤਿਆਰ ਕਰ ਰੱਖੀ ਏ..ਹਰ ਗੱਲ ਤੇ ਵਾਹ-ਵਾਹ..!

ਇੱਕ ਝੋਲੀਚੁੱਕ ਦੇ ਕਸੂਤੀ ਜਿਹੀ ਥਾਂ ਧਰੇਕ ਉੱਗ ਆਈ..ਲੋਕ ਅਫਸੋਸ ਕਰਨ ਜਾਵਣ..ਅੱਗਿਓਂ ਆਖੀ ਜਾਵੇ..ਅਫਸੋਸ ਕਾਹਦਾ ਸਗੋਂ ਮੌਜ ਲੱਗ ਗਈ..ਚੁਮਾਸੇ ਵੇਲੇ ਛਾਵੇਂ ਬੈਠਿਆ ਕਰਾਂਗੇ..!

ਝੋਲੀ ਚੁੱਕਾਂ ਨੇ ਸਪਸ਼ਟੀਕਰਨ ਤੱਕ ਵੀ ਤਿਆਰ ਰੱਖੇ ਹੋਣੇ..ਰੱਖ-ਰਖਾਵ ਪ੍ਰਬੰਦਾ ਵਿਚ ਗਿਰਾਵਟ ਆ ਗਈ ਸੀ..ਇਸੇ ਲਈ ਪੁਨਰਨਿਰਮਾਣ ਕੀਤਾ ਗਿਆ..ਕੌਮ ਨੂੰ ਸਗੋਂ ਧੰਨਵਾਦੀ ਹੋਣਾ ਚਾਹੀਦਾ..ਠੀਕ ਓਸੇ ਤਰਾਂ ਜਿੱਦਾਂ ਸਿਰਸੇ ਸਾਧ ਨੂੰ ਮੁਆਫੀ ਮਗਰੋਂ ਚੰਦੂਮਾਜਰਾ ਆਖਦਾ ਸੀ..ਆਪਸੀ ਤਲਖੀ ਘਟਾਉਣ ਲਈ ਅਕਾਲ ਤਖ਼ਤ ਵਲੋਂ ਲਿਆ ਗਿਆ ਇੱਕ ਦੂਰ-ਅੰਦੇਸ਼ ਫੈਸਲਾ!

ਦੋਸਤੋ ਇਹ ਚੇਹਰੇ ਨਵੇਂ ਨਹੀਂ ਹਨ..ਤੀਹ ਪੈਂਤੀ ਸਾਲ ਮਗਰ ਚਲੇ ਜਾਓ..ਓਦੋਂ ਦੇ ਸਮਕਾਲੀਨ ਬੇਸ਼ੱਕ ਹੋਰ ਪਰ ਸੋਚ ਤਰੀਕਾ ਇਛਾਵਾਂ ਲੋਭ ਲਾਲਚ ਇੰਨ ਬਿੰਨ ਇਹੋ ਜਿਹੇ..ਕਿੰਨੇ ਸਾਰੇ ਬਰਨਾਲੇ..ਬਲਵੰਤ..ਲੌਂਗੋਵਾਲ ਬੂਟੇ ਜੈਲ ਸਿੰਘ..ਦਿੱਲੀ ਕਮਜ਼ੋਰੀਆਂ ਭਲੀਭਾਂਤ ਜਾਣਦੀ ਏ.. ਸਿਧੀ ਉਂਗਲ ਨਾਲ ਨਾ ਨਿੱਕਲੇ ਤਾਂ ਟੇਢੀ ਕਰਨ ਵਿਚ ਕੋਈ ਗੁਰੇਜ ਨਹੀਂ!

ਐੱਨ.ਆਈ.ਏ ਦੀਆਂ ਦੋ ਤਿੰਨ ਵੇਰ ਪੇਸ਼ੀਆਂ ਭੁਗਤ ਚੁਕੇ ਇੱਕ ਸਿੰਘ ਨੇ ਦੱਸਿਆ ਕੇ ਓਥੇ ਅਫਸਰ ਖੁੱਲੇਆਮ ਦੱਸਦੇ ਕੇ ਸਾਨੂੰ ਤੁਹਾਡੇ ਬੰਦੇ ਖਰੀਦਣ ਦੀ ਲੋੜ ਹੀ ਨਹੀਂ ਪੈਂਦੀ..ਉਹ ਪੰਥ ਵਿਚ ਵਿਸ਼ਵਾਸ਼ ਬਣਾ ਕੇ ਖੁਦ ਹੀ ਸਾਡੇ ਕੋਲ ਆਉਂਦੇ ਤੇ ਆਖਦੇ ਹੁਣ ਪਾਓ ਸਾਡਾ ਮੁੱਲ..ਸਾਡੀ ਮਾਰ ਇਥੋਂ ਤੀਕਰ ਏ..ਜਿਸਦੀ ਜਿੰਨੀ ਲੰਮੀ ਮਾਰ ਓਨੀਂ ਜਿਆਦਾ ਕੀਮਤ..! ਟਾਂਡਿਆਂ ਵਾਲੀ ਤੇ ਭਾਂਡਿਆਂ ਵਾਲੀ ਵਿਚੋਂ ਇੱਕ ਨੂੰ ਚੁਣਨਾ ਪੈਣਾ..ਇਹ ਨਦੀਨ ਹਮੇਸ਼ਾਂ ਰਹਿਣਾ ਹੀ ਰਹਿਣਾ..ਕਦੇ ਸਦੀਵੀਂ ਮਰ ਨਹੀਂ ਸਕਦਾ..ਸੋ ਜੋ ਜਿਥੇ ਵੀ ਹੈ ਆਪਣੇ ਹਿਸਾਬ ਨਾਲ ਆਲੇ ਦਵਾਲੇ ਨੂੰ ਅੰਦਰੂਨੀ ਹਾਲਾਤਾਂ ਬਾਰੇ ਜਾਣੂੰ ਕਰਵਾਉਦਾ ਰਹੇ..!

ਅਗਲਾ ਤੇ ਸਪਸ਼ਟ ਆਖ ਹੀ ਰਿਹਾ..ਸਾਡੀ ਤੀਜੀ ਵਾਰੀ ਸਖਤ ਫੈਸਲਿਆਂ ਵਾਲੀ ਹੋਵੇਗੀ..ਜੇ ਅਗਲਿਆਂ ਸਾਡੇ ਤੋਤੇ ਵਾਲੇ ਜਿੰਨ ਵੱਸ ਵਿੱਚ ਕੀਤੇ ਹੋਏ ਤਾਂ ਸਾਨੂੰ ਵੀ ਓਹਨਾ ਦੇ ਕਮਜ਼ੋਰ ਪੱਖ ਜਾਨਣੇ ਪੈਣੇ ਫੇਰ ਐਨ ਮੌਕੇ ਗਰਮ ਲੋਹੇ ਤੇ ਸੱਟ ਮਾਰਨ ਦਾ ਵੱਲ ਵੀ ਸਿੱਖਣਾ ਪੈਣਾ..!

ਅੱਜ ਮੌਕਾ ਏ ਅਗਲਾ ਇੱਕ ਮਾਰੇ ਤੇ ਦੂਨੀਆਂ ਨੂੰ ਆਖੋ ਦਸ ਮਾਰੀਆਂ..ਦੁਹਾਈ ਦਿੱਤੇ ਬਗੈਰ ਤੇ ਮਾਂ ਵੀ ਦੁੱਧ ਮੂੰਹ ਨੂੰ ਨਹੀਂ ਲਾਉਂਦੀ..ਬਕੌਲ ਭਾਈ ਜਸਵੰਤ ਸਿੰਘ ਖਾਲੜਾ..ਦੁਨੀਆ ਤੁਹਾਡਾ ਨੁਕਤਾ-ਏ-ਨਜਰ ਪੂਰੀ ਤਰਾਂ ਤਾਂ ਮੰਨਦੀ ਜੇ ਦਸਤਾਵੇਜ਼ੀ ਸਬੂਤ ਸਾਮਣੇ ਰੱਖੇ ਜਾਵਣ..!

ਸੋ ਮਜਬੂਤ ਲੌਬੀਆਂ..ਸੁਹਿਰਦ ਕੌਕਸ..ਸਿਆਣੇ ਕੁਆਲੀਫਾਈਡ ਸਿੰਡੀਕੇਟ ਗਰੁੱਪ ਅਤੇ ਵਕੀਲਾਂ ਦੇ ਪੈਨਲ ਬਣਾਉਣੇ ਸਮੇਂ ਦੀ ਲੋੜ ਏ..ਵਰਨਾ ਓਹੀ ਹਾਲ ਹੋਵੇਗਾ ਜੋ ਅੱਜ ਮਿਡਲ-ਈਸਟ ਵਿਚ ਹੋ ਰਿਹਾ..ਖੁੱਲੇ ਆਸਮਾਨ ਹੇਠ ਘਰੋਂ ਬੇਘਰ ਹੋਏ ਭੁੱਖੇ ਮਰ ਰਹੇ..ਮਾਰਾਂ ਵੀ ਪੈ ਰਹੀਆ..ਬਾਹਰੀ ਸੁਪੋਰਟ ਵੀ ਨਾ ਮਾਤਰ ਤੇ ਗਵਾਂਢ ਬੈਠੇ ਆਪਣੇ ਵੀ ਬੇਗਾਨੇ ਬਣੇ ਹੋਏ ਨੇ..!

ਇਸਦਾ ਇਹ ਮਤਲਬ ਨਹੀਂ ਕੇ ਅਜੋਕੇ ਹਾਲਾਤਾਂ ਵਿਚ ਘਸੁੰਨ ਨੇੜੇ ਹੈ ਤੇ ਰੱਬ ਦੂਰ..ਪਰ ਦਸਮ ਪਿਤਾ ਦੇ ਸਿਧਾਂਤ ਮੁਤਾਬਿਕ ਹਰ ਵੇਲੇ ਤਿਆਰ ਬਰ ਤਿਆਰ ਰਹਿਣਾ ਹਰੇਕ ਸਿੱਖ ਦਾ ਫਰਜ ਏ!

ਹਰਪ੍ਰੀਤ ਸਿੰਘ ਜਵੰਦਾ

## ਪੰਜਾਬ ਦੇ ਕਈ ਜ਼ਿਲ੍ਹਿਆਂ ਅਤੇ ਹਰਿਆਣਾ ਦੇ 7 ਜ਼ਿਲ੍ਹਿਆਂ 'ਚ ਇੰਟਰਨੈੱਟ ਸੇਵਾਵਾਂ ਬੰਦ ਰੱਖਣ ਦੇ ਹੁਕਮ

ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਵੱਲ ਮਾਰਚ ਕਰਨ ਤੋਂ ਬਾਅਦ ਪੰਜਾਬ-ਹਰਿਆਣਾ ਦੀ ਸਰਹੱਦ ਨਾਲ ਲੱਗਦੇ ਹਰਿਆਣਾ ਦੇ ਕਈ ਜ਼ਿਲ੍ਹਿਆਂ ਵਿੱਚ ਇੰਟਰਨੈੱਟ ਸੇਵਾਵਾਂ 15 ਫਰਵਰੀ ਤੱਕ ਠੱਪ ਰਹਿਣਗੀਆਂ।

ਇਸ ਤੋਂ ਇਲਾਵਾ ਪੰਜਾਬ ਦੇ ਫਹਿਤਗੜ੍ਹ ਸਾਹਿਬ, ਬਠਿੰਡਾ, ਪਟਿਆਲਾ, ਮਾਨਸਾ ਅਤੇ ਸ਼੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੇ ਕਈ ਹਿੱਸਿਆਂ ਵਿਚ ਸੁਰੱਖਿਆ ਦੇ ਮੱਦੇਨਜ਼ਰ ਇੰਟਰਨੈੱਟ ਸੇਵਾਵਾਂ ਤੇ ਰੋਕ ਲਗਾ ਦਿੱਤੀ ਗਈ ਹੈ। ਹਾਲਾਂਕਿ ਫੋਨ-ਕਾਲ ਵਗੈਰਾ ਚੱਲ ਰਹੀਆਂ ਹਨ। 16 ਫਰਵਰੀ ਤੱਕ ਇਹ ਹੁਕਮ ਲਾਗੂ ਰੱਖਣ ਦੀ ਗੱਲ ਆਖੀ ਜਾ ਰਹੀ ਹੈ।

ਅੰਦੋਲਨ ਨਾਲ ਜੁੜੀਆਂ ਅਫਵਾਹਾਂ ਨੂੰ ਫੈਲਣ ਤੋਂ ਰੋਕਣ ਲਈ ਹਰਿਆਣਾ ਦੇ ਸੱਤ ਜ਼ਿਲ੍ਹਿਆਂ ਵਿੱਚ ਇੰਟਰਨੈੱਟ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਅੰਬਾਲਾ, ਕੁਰੂਕਸ਼ੇਤਰ, ਕੈਥਲ, ਜੀਂਦ, ਹਿਸਾਰ, ਫਤਿਹਾਬਾਦ, ਸਿਰਸਾ ਅਤੇ ਡੱਬਵਾਲੀ ਵਿੱਚ ਮੋਬਾਈਲ ਇੰਟਰਨੈੱਟ ਬੰਦ ਕਰ ਦਿੱਤਾ ਗਿਆ ਹੈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



Harmanpreet Kaur
Punjabi Singer

ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent
BEST IN PUNJAB FOLK SONGS

Ph:236-881-1276
Email:meriawaaz.music@gmail.com
YouTube harmanpreetofficial

# ਸਿੰਥੈਟਕ ਦੁੱਧ ਦੇ ਰੂਪ ਵਿਚ ਪੰਜਾਬ ਅਤੇ ਹੋਰ ਰਾਜਾਂ ਵਿਚ ਵਿਕ ਰਿਹਾ ਏ ਜ਼ਹਿਰ

ਪਿਛਲੇ ਸਮੇਂ ਪੰਜਾਬ ਵਿੱਚ ਲੰਪੀ ਸਕਿਨ ਦੀ ਬਿਮਾਰੀ ਦੇ ਬਾਵਜੂਦ ਵੀ ਪੰਜਾਬ ਵਿੱਚ ਕਿਸੇ ਕਸਬੇ ਸ਼ਹਿਰਾਂ ਵਿੱਚੋਂ ਦੁੱਧ ਦੀ ਕਿੱਲਤ ਦੀ ਕੋਈ ਖਬਰ ਪੜਨ ਨੂੰ ਨਹੀਂ ਮਿਲੀ। ਦੁੱਧ ਅਤੇ ਦੁੱਧ ਤੋਂ ਬਣਨ ਵਾਲੇ ਉਤਪਾਦਾਂ ਲੱਸੀ, ਮੱਖਣ, ਪਨੀਰ, ਦੇਸੀ ਘਿਓ ਆਦਿ ਦੀ ਲਿਸਟ ਬਹੁਤ ਲੰਬੀ ਹੋ ਜਾਂਦੀ ਹੈ। ਕਈ ਤਰ੍ਹਾਂ ਦੇ ਜ਼ਹਿਰੀਲੇ ਕੈਮੀਕਲ ਵਰਤ ਕੇ ਲਾਲਚੀ ਅਤੇ ਮੁਨਾਫ਼ਾਖੋਰ ਲੋਕ ਨਿੱਤ ਨਵਾਂ ਜ਼ਹਿਰੀਲਾ ਰਸਾਇਨ ਲੱਭਦੇ ਅਤੇ ਵਰਤਦੇ ਹਨ।

ਭਾਰਤ ਦੀਆਂ ਸਰਕਾਰਾਂ (ਕੇਂਦਰੀ ਸਰਕਾਰਾਂ ਅਤੇ ਪ੍ਰਾਂਤਕ ਸਰਕਾਰਾਂ) ਕੋਈ ਵੀ ਇਸ ਪਾਸੇ ਧਿਆਨ ਨਹੀਂ ਦੇ ਰਹੀਆਂ। ਮਨੁੱਖ ਆਦਿ ਕਾਲ ਤੋਂ ਪਸ਼ੂਆਂ ਦੇ ਦੁੱਧ ਤੋਂ ਖੁਰਾਕ ਲੈਂਦਾ ਆ ਰਿਹਾ ਹੈ। ਅੰਨ੍ਹੇ ਮੁਨਾਫੇ ਲਈ ਕਿਸੇ ਵੀ ਹੱਦ ਤਕ ਜਾਣ ਵਾਲੀ ਹਵਾਨੀਅਤ ਸੋਚ ਕਾਰਨ ਅੱਜ ਬਾਜ਼ਾਰ ਵਿੱਚ ਅਸਲੀ ਨਾਲੋਂ ਕਈ ਗੁਣਾ ਵੱਧ ਨਕਲੀ ਦੁੱਧ ਵਿਕਦਾ ਹੈ। ਅਸਲੀ ਦੁੱਧ ਜਿੱਥੇ ਕੁਦਰਤੀ ਨਿਆਮਤ ਹੈ, ਉੱਥੇ ਨਕਲੀ ਜਾਂ ਮਿਲਾਵਟ ਵਾਲਾ ਦੁੱਧ ਜ਼ਹਿਰ ਸਮਾਨ ਹੈ। ਇਹ ਦੁੱਧ ਕਈ ਬਿਮਾਰੀਆਂ ਦੀ ਜੜ੍ਹ ਬਣਦਾ ਹੈ। ਇਹ ਪ੍ਰਸ਼ਾਸਨ ਦੀ ਅਣਗਹਿਲੀ ਅਤੇ ਕਿਤੇ ਨਾ ਕਿਤੇ ਮਿਲੀ ਭੁਗਤ ਤੋਂ ਬਿਨਾਂ ਸੰਭਵ ਨਹੀਂ ਹੈ। ਇਹ ਠੀਕ ਹੈ ਕਿ ਮਨੁੱਖ ਦੇ ਜੀਣ ਲਈ ਖੁਰਾਕ ਇੱਕ ਜ਼ਰੂਰੀ ਅੰਗ ਹੈ ਅਤੇ ਦੁੱਧ ਨੂੰ ਹੁਣ ਤਕ ਸੰਪੂਰਨ ਖੁਰਾਕ ਸਮਝਿਆ ਜਾਂਦਾ ਹੈ ਪ੍ਰੰਤੂ ਦੁਖਾਂਤ ਇਹ ਹੈ ਕਿ ਜਿੱਥੇ ਵਿਗਿਆਨ ਨੇ ਨਵੀਆਂ ਨਵੀਆਂ ਕਾਢਾਂ ਰਾਹੀਂ ਮਨੁੱਖ ਦੇ ਜੀਵਨ ਵਾਸਤੇ ਸਿਹਤਮੰਦ ਖਾਧ ਪਦਾਰਥਾਂ ਦੀ ਪੈਦਾਵਾਰ ਦਾ ਗੁਣ ਪੈਦਾ ਕੀਤਾ ਹੈ, ਉੱਥੇ ਇਸੇ ਵਿਗਿਆਨ ਰਾਹੀਂ ਖਾਧ ਪਦਾਰਥਾਂ ਵਿੱਚ ਇਸ ਢੰਗ ਨਾਲ ਮਿਲਾਵਟ ਕਰ ਦਿੱਤੀ ਜਾਂਦੀ ਹੈ ਕਿ ਆਮ ਆਦਮੀ ਪਛਾਣ ਵੀ ਨਹੀਂ ਸਕਦਾ।

ਦੁੱਧ ਵਿੱਚ ਬਹੁਤ ਹੀ ਘਾਤਕ ਕੈਮੀਕਲ ਮਿਲਾ ਕੇ ਅਤੇ ਕਈ ਵਾਰ ਨਿਰੇ ਕੈਮੀਕਲਾਂ ਦੇ ਸਹਾਰੇ ਹੀ ਤਿਆਰ ਕੀਤਾ ਜਾ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਿਕ ਪੰਜਾਬ ਵਿੱਚ ਰੋਜ਼ਾਨਾ 16 ਲੱਖ ਲੀਟਰ ਦੁੱਧ ਦੀ ਪੈਦਾਵਾਰ ਹੁੰਦੀ ਹੈ, ਪਰ ਲਾਗਤ 50 ਲੱਖ ਲੀਟਰ ਹੈ। ਹਰ ਕੋਈ ਸੋਚ ਸਕਦਾ ਹੈ ਕਿ ਇਹ ਬਾਕੀ ਦਾ 34 ਲੱਖ ਲੀਟਰ ਦੁੱਧ ਆਉਂਦਾ ਕਿੱਥੋਂ ਹੈ?

ਇਹ ਸਾਰਾ ਦੁੱਧ ਨਕਲੀ ਅਤੇ ਘਾਤਕ ਕੈਮੀਕਲਾਂ ਤੋਂ ਹੀ ਤਿਆਰ ਹੁੰਦਾ ਹੈ। ਪਨੀਰ ਮਠਿਆਈਆਂ ਅਤੇ ਦਹੀਂ ਆਦਿ ਵਿੱਚ ਕੈਮੀਕਲਾਂ ਦਾ ਜ਼ਹਿਰ ਮਿਲਾਇਆ ਜਾਂਦਾ ਹੈ। ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਨੱਥ ਪਾਉਣ ਵਿੱਚ ਜਿੱਥੇ ਸਮੇਂ ਦੀਆਂ ਸਰਕਾਰਾਂ ਫੇਲ ਸਾਬਤ ਹੋਈਆਂ ਹਨ, ਉੱਥੇ ਹੀ ਸਿਹਤ ਵਿਭਾਗ ਵੀ ਇਸ ਪ੍ਰਤੀ ਸੰਜੀਦਗੀ ਨਹੀਂ ਵਿਖਾ ਰਿਹਾ।

ਸਰਦੀਆਂ ਦੇ ਮੌਸਮ ਵਿੱਚ ਤਿਉਹਾਰਾਂ ਦੇ ਸਮੇਂ ਸਿੰਥੈਟਿਕ ਦੁੱਧ, ਪਨੀਰ ਅਤੇ ਦੇਸੀ ਘਿਓ ਦੀ ਵਿਕਰੀ ਵੀ ਬਿਨਾਂ ਰੋਕ ਟੋਕ ਜਾਰੀ ਹੈ, ਜਿਸ ਨੂੰ ਨਕੇਲ ਪਾਉਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਕੋਈ ਠੋਸ ਕਦਮ ਨਹੀਂ ਚੁੱਕ ਰਿਹਾ। ਜਿੱਥੇ ਸਿਹਤ ਵਿਭਾਗ ਦਾ ਫਰਜ਼ ਬਣਦਾ ਹੈ ਕਿ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਸ਼ਿਕੰਜਾ ਕੱਸੇ, ਉੱਥੇ ਹੀ ਸਰਕਾਰਾਂ ਨੂੰ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ।

ਕੈਮੀਕਲਾਂ ਤੋਂ ਤਿਆਰ ਕੀਤਾ ਨਕਲੀ ਦੁੱਧ ਖ਼ਾਸ ਤੌਰ 'ਤੇ ਬੱਚਿਆਂ ਵਿੱਚ ਭਿਆਨਕ ਬਿਮਾਰੀਆਂ ਦਾ ਬੜਾ ਵੱਡਾ ਕਾਰਨ ਹੈ। ਅੱਜ ਬਜ਼ਾਰ ਵਿੱਚੋਂ ਮਿਲਣ ਵਾਲਾ ਦੁੱਧ ਜ਼ਹਿਰ ਹੋ ਗਿਆ ਹੈ।

ਇਹ ਸਧਾਰਨ ਮਿਲਾਵਟ ਨਹੀਂ, ਦੁੱਧ ਰਾਹੀਂ ਮੌਤ ਵੇਚ ਰਹੇ ਨੇ ਇਹ ਹਟਵਾਣੀਏਂ। ਇਹ ਵਰਤਾਰਾ ਰੋਕਣ ਲਈ ਸਖਤ ਨਹੀਂ, ਬਹੁਤ ਹੀ ਸਖ਼ਤ ਕਾਨੂੰਨ ਬਣਾਏ ਜਾਣ ਦੀ ਲੋੜ ਹੈ, ਜਿਸ ਨਾਲ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਸਲਾਖਾਂ ਪਿੱਛੇ ਤਾੜਿਆ ਜਾਵੇ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis
• De-addiction
• Migraine
• Sexual Problems
• Arthritis
• Stress Anxiety
• All Auto-Immune Diseases





"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads





Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਰਾਜ ਸਿੰਘ ਤੂਰ ਦੇ ਯਤਨਾਂ ਸਦਕਾ ਵੈਨਕੂਵਰ ਦੇ ਕਨੇਡਾ ਪਲੇਸ ਦਾ ਆਨਰੇਰੀ ਨਾਮ 'ਕਾਮਾਗਾਟਾ ਮਾਰੂ ਪਲੇਸ' ਰੱਖਿਆ








ਸਰੀ–1914 ਦੇ ਕਾਮਾਗਾਟਾ ਮਾਰੂ ਦੁਖਾਂਤ ਵਿਚ ਸਿਟੀ ਦੀ ਭੂਮਿਕਾ ਲਈ ਸੱਭਿਆਚਾਰਕ ਨਿਵਾਰਣ ਦਾ ਇੱਕ ਹੋਰ ਕਾਰਜ ਕਰਦਿਆਂ ਵੈਨਕੂਵਰ ਸਿਟੀ ਦੇ ਮੇਅਰ ਕੇਨ ਸਿਮ ਨੇ ਵੈਨਕੂਵਰ ਵਿਖੇ ਯਾਤਰੀਆਂ ਦੇ ਖਿੱਚ-ਕੇਂਦਰ ‘ਕੈਨੇਡਾ ਪਲੇਸ’ ਦਾ ਆਨਰੇਰੀ ਨਾਮ ‘ਕਾਮਾਗਾਟਾਮਾਰੂ ਪਲੇਸ’ ਰੱਖਣ ਦਾ ਉਦਘਾਟਨ ਕੀਤਾ। ਇਸ ਮੌਕੇ ਸਾਊਥ ਏਸ਼ੀਅਨ ਕੈਨੇਡੀਅਨ ਕਮਿਊਨਿਟੀ ਦੇ ਬਹੁਤ ਸਾਰੇ ਪਤਵੰਤੇ ਵੀ ਸ਼ਾਮਲ ਸਨ।

ਇਹ ਆਨਰੇਰੀ ਨਾਮਕਰਨ ਅਤੇ ਨਵਾਂ ਚਿੰਨ੍ਹ ਦੇਣ ਦਾ ਫੈਸਲਾ ਸਿਟੀ ਕੌਂਸਲ ਵੱਲੋਂ ਮਈ 2023 ‘ਚ ਲਿਆ ਗਿਆ ਸੀ। ਗੁਰੂ ਨਾਨਕ ਜਹਾਜ਼, ਜਿਸ ਨੂੰ ਆਮ ਤੌਰ ‘ਤੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਵਿਚ ਔਰਤਾਂ ਅਤੇ ਬੱਚਿਆਂ ਸਮੇਤ 340 ਸਿੱਖ, 24 ਮੁਸਲਿਮ ਅਤੇ 12 ਹਿੰਦੂ ਯਾਤਰੀ ਸਵਾਰ ਸਨ ਅਤੇ ਜ਼ਿਆਦਾਤਰ ਪੰਜਾਬ ਭਾਰਤ ਤੋਂ ਸਨ। ਉਨ੍ਹਾਂ ਦੀ ਨਜ਼ਰਬੰਦੀ, ਉਨ੍ਹਾਂ ਨਾਲ ਕੀਤੇ ਦੁਰਵਿਵਹਾਰ, ਉਨ੍ਹਾਂ ਨੂੰ ਦਰਪੇਸ਼ ਆਈਆਂ ਅਨੇਕਾਂ ਪਰੇਸ਼ਾਨੀਆਂ ਸਰਕਾਰ ਵੱਲੋਂ ਤਿੰਨ ਪੱਧਰ ਤੋਂ ਕੀਤੇ ਗਏ ਨਸਲੀ ਵਿਤਕਰੇ ਦੇ ਦੁਖਦਾਈ ਦੌਰ ਦੀ ਨਿਸ਼ਾਨਦੇਹੀ ਕਰਦੀਆਂ ਹਨ।

ਕਾਮਾਗਾਟਾਮਾਰੂ ਜਹਾਜ਼ ਦੀ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖਦਿਆਂ ਹੀ ਸਿਟੀ ਕੌਂਸਲ ਵੱਲੋਂ ਕੈਨੇਡਾ ਪਲੇਸ ਨੂੰ ਚੁਣਿਆ ਗਿਆ, ਜੋ ਕਿ 1914 ਵਿਚ ਬੁਰਾਰਡ ਇਨਲੇਟ ਵਿਚ ਤਾਇਨਾਤ ਕਾਮਾਗਾਟਾ ਮਾਰੂ ਜਹਾਜ਼ ਦਾ ਸਭ ਤੋਂ ਨਜ਼ਦੀਕੀ ਸਥਾਨ ਹੈ। ਇਸ ਸਥਾਨ ਦਾ ਨਵਾਂ ਚਿੰਨ੍ਹ ਪੰਜਾਬੀ ਵਿਜ਼ੀਅਲ ਕਲਾਕਾਰ ਜਗ ਨਾਗਰਾ ਨੇ ਬਣਾਇਆ ਹੈ। ਲੈਂਪ ਪੋਸਟਾਂ ‘ਤੇ ਲਾਏ ਗਏ ਸਟੋਰੀ ਬੋਰਡ ਰਾਹਗੀਰਾਂ ਨੂੰ ਕਲਾਕਾਰੀ ਅਤੇ ਕਾਮਾਗਾਟਾਮਾਰੂ ਤ੍ਰਾਸਦੀ ਦੇ ਇਤਿਹਾਸ ਬਾਰੇ ਜਾਣਨ ਦੀ ਪ੍ਰੇਰਿਤ ਕਰਦੇ ਹਨ। ਇੱਕ ਥ੍ਰ ਕੋਡ ਵੀ ਬਣਾਇਆ ਗਿਆ ਹੈ ਜਿਸ ਨਾਲ ਪਾਠਕ ਇੱਕ ਵੈੱਬਪੇਜ (ਵਓਨਚੋੁਵਏਰ.ਚਓ/ ਕੋਮਓਗਓਟਓ-ਮਓਰੁ) ‘ਤੇ ਵਧੇਰੇ ਜਾਣਕਾਰੀ ਦੇਖ ਸਕਦੇ ਹਨ।

ਜ਼ਿਕਰਯੋਗ ਹੈ ਕਿ 18 ਮਈ, 2021 ਨੂੰ, ਵੈਨਕੂਵਰ ਸਿਟੀ ਕੌਂਸਲ ਨੇ ਰਸਮੀ ਤੌਰ ‘ਤੇ 1914 ਵਿਚ ਕਾਮਾਗਾਟਾਮਾਰੂ ‘ਤੇ ਸਵਾਰ ਯਾਤਰੀਆਂ ਨਾਲ ਕੀਤੇ ਗਏ ਵਿਤਕਰੇ ਵਿਚ ਨਿਭਾਈ ਭੂਮਿਕਾ ਲਈ ਮੁਆਫੀ ਮੰਗੀ ਸੀ ਅਤੇ 23 ਮਈ ਨੂੰ ਅਧਿਕਾਰਤ ਤੌਰ ‘ਤੇ ਕਾਮਾਗਾਟਾਮਾਰੂ ਯਾਦਗਾਰੀ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਸੀ।

ਉਦਘਾਟਨੀ ਮੌਕੇ ਆਪਣੇ ਜਜ਼ਬਾਤ ਸਾਂਝੇ ਕਰਦਿਆਂ ਮੇਅਰ ਕੇਨ ਸਿਮ ਨੇ ਕਿਹਾ, ”ਸਾਡੇ ਸਾਂਝੇ ਇਤਿਹਾਸ ਦੇ ਇਸ ਦੁਖਦਾਈ ਅਧਿਆਏ ‘ਤੇ ਪ੍ਰਤੀਬਿੰਬਤ ਕਰਨ ਲਈ ਕਾਮਾਗਾਟਾਮਾਰੂ ਪਲੇਸ ਵਿਖੇ ਦੱਖਣੀ ਏਸ਼ੀਆਈ ਕੈਨੇਡੀਅਨ ਭਾਈਚਾਰਿਆਂ ਦੇ ਮੈਂਬਰਾਂ ਨਾਲ ਇਕੱਠੇ ਹੋਣਾ ਮਾਣ ਵਾਲੀ ਗੱਲ ਹੈ।ਅਸੀਂ ਅਤੀਤ ਤੋਂ ਸਿੱਖਣ ਅਤੇ ਇੱਕ ਹੋਰ ਸਰਬ ਸਾਂਝਾ ਭਵਿੱਖ ਸਿਰਜਣ ਲਈ ਵਚਨਬੱਧ ਹਾਂ। ਕਾਮਾਗਾਟਾਮਾਰੂ ਸਥਾਨ ਦਾ ਆਨਰੇਰੀ ਨਾਮਕਰਨ ਇੱਕ ਪ੍ਰਤਿਭਾਸ਼ਾਲੀ ਸਥਾਨਕ ਕਲਾਕਾਰ ਜਗ ਨਾਗਰਾ ਦੁਆਰਾ ਡਿਜ਼ਾਈਨ ਕੀਤਾ ਗਿਆ ਹੈ, ਜੋ ਇਕ ਪ੍ਰਭਾਵਸ਼ਾਲੀ ਨਵਾਂ ਸੰਕੇਤ ਹੈ ਅਤੇ ਦੱਖਣੀ ਏਸ਼ੀਆਈ ਭਾਈਚਾਰਿਆਂ ਪ੍ਰਤੀ ਇਤਿਹਾਸਕ ਵਿਤਕਰੇ ਨੂੰ ਹੱਲ ਕਰਨ ਲਈ ਸ਼ਹਿਰ ਦੇ ਚੱਲ ਰਹੇ ਵੱਡੇ ਕਾਰਜਾਂ ਦਾ ਇੱਕ ਮਹੱਤਵਪੂਰਨ ਕਦਮ ਹੈ।”

ਕਲਾਕਾਰ ਜਗ ਨਾਗਰਾ ਨੇ ਕਿਹਾ ਕਿ ਕਲਾ ਰਾਹੀਂ ਸਾਡੇ ਭਾਈਚਾਰੇ ਦੀਆਂ ਇਤਿਹਾਸਕ ਕਹਾਣੀਆਂ ਸਾਂਝੀਆਂ ਕਰਨ ਦੇ ਯੋਗ ਹੋਣਾ ਮੇਰੇ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਮੈਨੂੰ ਕਾਮਾਗਾਟਾਮਾਰੂ ਦੇ ਮੁਸਾਫਿਰਾਂ ਅਤੇ ਉਨ੍ਹਾਂ ਦੀ ਵਿੱਥਿਆ, ਸੰਘਰਸ਼ ਅਤੇ ਉਨ੍ਹਾਂ ਨੂੰ ਦਰਪੇਸ਼ ਵਿਤਕਰੇ ਭਰੇ ਅਹਿਸਾਸਾਂ ਦਾ ਮਾਨਵੀਕਰਨ ਕਰਨ ਲਈ ਕਲਾਕ੍ਰਿਤੀਆਂ ਬਣਾਉਣ ਦਾ ਮੌਕਾ ਮਿਲਿਆ।

ਆਨਰੇਰੀ ਨਾਮਕਰਨ ਅਤੇ ਚਿੰਨ੍ਹ ਦੇ ਉਦਘਾਟਨੀ ਮੌਕੇ ਹੋਰਨਾਂ ਤੋਂ ਇਲਾਵਾ ਕਾਮਾਗਾਟਾਮਾਰੂ ਡੈਸੀਡੈਂਟਸ ਸੋਸਾਇਟੀ, ਖਾਲਸਾ ਦੀਵਾਨ ਸੁਸਾਇਟੀ, ਪੰਜਾਬੀ ਮਾਰਕੀਟ ਕੁਲੈਕਟਿਵ, ਸਿਟੀ ਆਫ਼ ਵੈਨਕੂਵਰ ਦੇ ਦੱਖਣੀ ਏਸ਼ੀਆਈ ਕਲਾਕਾਰ, ਕਿਊਰੇਟਰਜ਼ ਅਤੇ ਸੱਭਿਆਚਾਰਕ ਵਰਕਰ, ਕਲਾਕਾਰ ਚੋਣ ਪੈਨਲ ਅਤੇ ਦੱਖਣੀ ਏਸ਼ੀਅਨ ਡੀਸੈਂਟ ਕਮਿਊਨਿਟੀ ਐਡਵਾਇਜ਼ਰੀ ਕਮੇਟੀ ਦੇ ਨੁਮਾਇੰਦੇ ਹਾਜ਼ਰ ਸਨ।


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-”Outstanding All Round Graduate over 3 years.”
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

CONSUMER CHOICE AWARD 2018 VANCOUVER

Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





**Chris Kozakiewicz**

**BSc., R.D.**

Mon-Fri: 9am-5pm, Saturdays By Appointment

**Scott 72 Shopping Centre**

#209- 7313-120th St., Delta ( Above London Drugs & Staples )

**604.590.1111**



.Ck Auto.

# CK AUTO SERVICES LTD.



- Tune Ups
- Oil Change
- Wheel alignment
- Transmission
- Electrical
- Air Condition
- Electronic Fuel Injection
- Brakes
- Repairs
- Propane & Natural Gas
- Computerized Wheel Alignment
- Tires & Wheel Balancing

AUTO REPAIR SERVICES



-REASONABLE RATES
-EXPERIENCED -QUALITY WORK

.Ck Auto.



TARSHOTAM BIRAN

**Cell: 778-322-1610**
**Tel: 604-592-2667**
#106-13112-84th Ave.,Surrey
Open Mon to Sat 9 am to 6pm
SUNDAY CLOSED



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

SARDAR JI CATERING

#1 Services On Your Special Events

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com




**7050 120 Street, Surrey, British Columbia V3W 3M8, Tel: (604) 598-1300 Fax (604) 594-1669**

# ਇਸ ਹਫਤੇ ਦੇ ਪ੍ਰੋਗਰਾਮ

### 16 ਫਰਵਰੀ ਦਿਨ ਸ਼ੁੱਕਰਵਾਰ

*ਸਵੇਰੇ 10 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਬਲਜੀਤ ਸਿੰਘ ਥਾਂਦੀ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਵਾਰਿਸ ਪੰਜਾਬ ਜਥੇਬੰਦੀ ਵੱਲੋਂ ਦੀਪ ਸਿੰਘ ਸਿੱਧੂ ਜੀ ਦੀ ਯਾਦ ਨੂੰ ਸਮਰਪਿਤ

*ਸਵੇਰੇ 10 ਵਜੇ ਆਰੰਭ ਸ੍ਰੀ ਅਖੰਡ ਪਾਠ ਮਨਜੀਤ ਸਿੰਘ ਅਤੇ ਪਰਿਵਾਰ ਵੱਲੋਂ

### 17 ਫਰਵਰੀ ਦਿਨ ਸ਼ਨੀਵਾਰ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਨਿਰਮਲ ਸਿੰਘ ਧਾਲੀਵਾਲ ਅਤੇ ਪਰਿਵਾਰ ਵੱਲੋਂ

*ਦਾਹ ਸਸਕਾਰ ਨਿਰਮਲ ਸਿੰਘ ਰਿਵਰਸਾਈਡ ਵਿਖੇ ਸਵੇਰੇ 10.30 ਵਜੇ ਹੋਵੇਗਾ, 12 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

*ਸ਼ਾਮ 3 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਚਰਨਦੀਪ ਸਿੰਘ ਅਤੇ ਪਰਿਵਾਰ ਵੱਲੋਂ

*ਦਾਹ ਸਸਕਾਰ ਮਾਤਾ ਸੁਰਿੰਦਰ ਕੌਰ ਗਰੇਵਾਲ ਰਿਵਰਸਾਈਡ ਵਿਖੇ ਸਵੇਰੇ 11.30 ਵਜੇ ਹੋਵੇਗਾ 1 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

### 18 ਫਰਵਰੀ ਦਿਨ ਐਤਵਾਰ

*ਸਵੇਰੇ 8.30 ਵਜੇ ਭੋਗ 3 ਸ੍ਰੀ ਅਖੰਡ ਪਾਠ ਸਾਹਿਬ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਸੁਖਲੀਨ ਕੌਰ ਅਤੇ ਪਰਿਵਾਰ ਵੱਲੋਂ

**ਐਤਵਾਰ ਸਾਰੇ ਦਿਨ ਦੇ ਦੀਵਾਨ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਹੋਣਗੇ**

**ਐਤਵਾਰ ਸਾਰੇ ਦਿਨ ਦੇ ਦੀਵਾਨ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਹੋਣਗੇ**






ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

**ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।**
**ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ**

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ *ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਭਾਈ ਰਸਵਿੰਦਰ ਸਿੰਘ ਜੀ ਜਲੰਧਰ ਵਾਲੇ, ਭਾਈ ਗੁਰਸ਼ਰਨ ਸਿੰਘ ਯੂ ਕੇ
ਭਾਈ ਜਸਵਿੰਦਰ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ

## ਕਥਾਵਾਚਕ

ਗਿਆਨੀ ਗੁਰਪ੍ਰੀਤ ਸਿੰਘ ਜੀ
ਦਮਦਮੀ ਟਕਸਾਲ ਵਾਲੇ

## ਢਾਡੀ ਜਥਾ

ਗਿਆਨੀ ਮਲਕੀਤ ਸਿੰਘ ਜੀ
ਪਪਰਾਲੀ

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ



# SHRI GURU RAVIDASS SABHA, VANCOUVER

7271 - GILLEY AVENUE, BURNABY BC CANADA, V5J 4W9 TEL: 604 435 9997 FAX: 604 435 7771

Web: www.gurudo ravidasssabha.ca E-mail: info@gururavidasssabha.com

ਜੈ ਗੁਰੂਦੇਵ ।। ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।। ਜੈ ਭੀਮ ।।




# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**ਇਸ ਸਾਲ 24 ਫਰਵਰੀ ਦਿਨ ਸ਼ਨਿਚਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਆ ਰਿਹਾ ਹੈ। ਇਸ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ 11 ਫਰਵਰੀ ਦਿਨ ਐਤਵਾਰ ਸਵੇਰੇ 10 ਵਜੇ ਸ੍ਰੀ ਸਹਿਜ ਪਾਠ ਆਰੰਭ ਕੀਤੇ ਜਾਣਗੇ ਅਤੇ 24 ਫਰਵਰੀ ਦਿਨ ਸ਼ਨਿਚਰਵਾਰ ਸਵੇਰੇ 10 ਵਜੇ ਸ੍ਰੀ ਸਹਿਜਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਸਜਣਗੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

## ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸ੍ਰੀ ਅਖੰਡਪਾਠ ਸਾਹਿਬ ਦੀ ਸੇਵਾ

23 ਫਰਵਰੀ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜੇ
24 ਫਰਵਰੀ ਦਿਨ ਸ਼ਨਿਚਰਵਾਰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11.30 ਵਜੇ
25 ਫਰਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਸਵੇਰੇ 11.30 ਵਜੇ

## ਗੁਰੂ ਕੇ ਲੰਗਰ, ਦੇਗਾਂ ਅਤੇ ਨਿਸ਼ਾਨ ਸਾਹਿਬ ਦੀ ਸੇਵਾ

23 ਫਰਵਰੀ, 2024 ਦਿਨ ਸ਼ੁੱਕਰਵਾਰ ਵਾਲੇ ਦਿਨ ਲੰਗਰਾਂ ਅਤੇ ਦੇਗਾਂ ਦੀ ਸੇਵਾ ਹੇਠ ਲਿਖੇ ਸ਼ਰਧਾਲੂ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ

ਬਿਮਲ ਬੈਂਸ ਬਲਵੀਰੋ ਬੈਂਸ, ਸ਼ਿੰਗਾਰਾ ਔਜਲਾ, ਬੀਬੀ ਸੰਧੂ ਔਜਲਾ, ਲੇਖ ਰਾਜ ਦਾਦਰਾ, ਪਰਮਜੀਤ ਕੈਂਥ, ਰਾਜਾ ਬੰਗੜ, ਹਰੀਸ਼ ਬੈਂਸ ਬੀਬੀ ਪੁਸ਼ਵਿੰਦਰ ਬੈਂਸ, ਪ੍ਰਦੀਪ ਮਹੇਂ, ਸੁਰਿੰਦਰ ਝੱਲੀ, ਬੀਬੀ ਸੁਦੇਸ਼ ਝੱਲੀ, ਰਾਜਿੰਦਰ ਹੀਰਾ ਅਤੇ ਬੀਬੀ ਊਸ਼ਾ ਹੀਰ

24 ਫਰਵਰੀ ਦਿਨ ਸ਼ਨਿਚਰਵਾਰ, 2024 ਵਾਲੇ ਦਿਨ ਲੰਗਰਾਂ ਤੇ ਦੇਗਾਂ ਦੀ ਸੇਵਾ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਕਮਲ ਝੱਲੀ ਤੇ ਸਮੂਹ ਝੱਲੀ ਪਰਿਵਾਰ ਤੇ ਹੋਰ ਰਿਸ਼ਤੇਦਾਰ ਪਰਿਵਾਰਾਂ ਵੱਲੋਂ ਹੋਵੇਗੀ।

25 ਫਰਵਰੀ ਦਿਨ ਐਤਵਾਰ, 2024 ਵਾਲੇ ਦਿਨ ਲੰਗਰਾਂ ਤੇ ਦੇਗਾਂ ਦੀ ਸੇਵਾ ਦਿਲਬਾਗ ਰਾਏ ਜੀ ਦੇ ਪਰਿਵਾਰ ਤੇ ਰਿਸ਼ਤੇਦਾਰ ਪਰਿਵਾਰਾਂ ਵੱਲੋਂ ਹੋਵੇਗੀ।

ਨੋਟ:ਤਿੰਨੇ ਹੀ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ ਤੇ ਕੀਰਤਨ ਦੀਵਾਨ ਸਜਣਗੇ।

ਗੁਰੂ ਪਿਆਰੀ ਸਾਧ ਸੰਗਤ ਜੀ, ਬਹੁਤ ਹੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂਘਰ ਦੀ ਨਵੀਂ ਇਮਾਰਤ ਦਾ ਕੰਮ ਸ਼ੁਰੂ ਹੋ ਚੁੱਕਾ ਹੈ, ਸੋ ਆਪਣੀ ਕਿਰਤ ਕਮਾਈ ਨੂੰ ਸਫਲਾ ਕਰਦੇ ਹੋਏ ਵੱਧ ਤੋਂ ਵੱਧ ਮਾਇਆ ਦਾਨ ਕਰੋ ਜੀ ਤਾਂ ਜੋ ਗੁਰੂਘਰ ਦੀ ਨਵੀਂ ਇਮਾਰਤ ਦਾ ਕੰਮ ਨੇਪਰੇ ਚੜ੍ਹ ਸਕੇ ਜੀ। ਧੰਨਵਾਦ

Watch Live Programme on Facebook page at Shri Guru Ravidass Sabha Vancouver, British Columbia

TO BOOK PROGRAMS OR GURDWARA SEVA AND OTHER INFORMATION PLEASE CONTACT: 604-435-9997

| President | General Secretary | Treasurer |
|---|---|---|
| BILL BASRA 604-725-4048 | GURMUKH SINGH SIDHU 778-898-6813 | HARBHAJAN LAL MAHEY 604-724-5333 |
| Vice Presidents: HUKAM CHAND 604-364-7890 | Assistant Secretary: ARONJIT LAGERI 778-251-2138 | Assistant Treasurer: RAJKUMAR BANGER 778-227-2459 |
| 2nd Vice Presidents: PARMJIT S. KAINTH 604-773-9393 | | |

BOARD OF DIRECTORS:
Harvinder Lalli
Santokh Ram Jassal
Parmjeet Saroya
Rajesh Kumar Toora
Surinder Kalsi
Balmukand Singh

BOARD OF TRUSTEES
Gurbaksh Singh Dhanda
Makhan Ram Chamba
Harjinder Singh Sahni
Shingara Ram Aujla
Sudarshan Kumar Ardhawa
Piara Singh Hira
Prem Nath Mall


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3


ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ:604-518-3637
ਜਾਂ ਈਮੇਲ ਕਰੋ hssandhupcs@gmail.com


FOR ALL YOUR DENTAL NEEDS
In Cloverdale & South Surrey
CLOVERDALE VILLAGE
DENTAL
Dr. Inderpreet Sandhu
BDS, DDS
Services Provided
• Dental Exams/X-rays
• Dental Fillings
• Extractions/Oral Surgery
• Teeth Whitening
• Cleaning & Polishing
• Crowns & Bridges
• Dentures & Mouth Guards
• Root Canal Treatment
A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102


DREAM BANQUET HALL
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Capacity
350-375 seats
Dream Catering "Your Venue, Our Food"
We provide various Menu
Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC
Email:info@dreambanquethall.ca


ਇੰਡੋ-ਕੈਨੇਡਾ ਟਰੈਵਲ ਏਜੰਸੀ
INDO
CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)

# ਤਾਨਾਸ਼ਾਹੀ ਵਿਰੁੱਧ ਜਨਤਾ ਮੈਦਾਨ ’ਚ

ਅੱਧ ਫਰਵਰੀ ਬੀਤ ਚੁੱਕੀ ਹੈ। ਠੰਢ ਜਾ ਰਹੀ ਹੈ ਤੇ ਬਸੰਤ ਦਾ ਆਗਮਨ ਹੋ ਗਿਆ ਹੈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਦੇਸ਼ ਦਾ ਸਿਆਸੀ ਅਸਮਾਨ ਵੀ ਹਰ ਆਏ ਦਿਨ ਨਿੱਖਰ ਰਿਹਾ ਹੈ। 22 ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਮ ਲੱਲਾ ਦੀ ਮੂਰਤੀ ਵਿੱਚ ਪ੍ਰਾਣਾਂ ਦਾ ਸੰਚਾਰ ਕਰਕੇ ਰਾਮ ਦੇ ਸ਼ਰਧਾਲੂਆਂ ਵਿੱਚ ਆਸਥਾ ਦੀ ਜੋ ਖੁਮਾਰੀ ਚਾੜ੍ਹੀ ਗਈ ਸੀ, ਉਸ ਦਾ ਕਾਫ਼ੀ ਹੱਦ ਤੱਕ ਨਸ਼ਾ ਉੱਤਰ ਚੁੱਕਾ ਹੈ। ਉਹ ਸ਼ਰਧਾਲੂ, ਜਿਹੜੇ ਹਾਲੇ ਵੀ ਹਵਾ ਵਿੱਚ ਉਡ ਰਹੇ ਹਨ, ਅਗਲੇ ਦੋ ਮਹੀਨਿਆਂ ਦੌਰਾਨ ਉਹ ਵੀ ਪਦਾਰਥਕ ਲੋੜਾਂ ਦੀ ਧਰਤੀ ਉੱਤੇ ਉੱਤਰ ਆਉਣਗੇ।

ਪਿਛਲੇ ਦਿਨੀਂ ‘ਇੰਡੀਆ ਟੂਡੇ’ ਤੇ ‘ਸੀ ਵੋਟਰ’ ਨੇ ਲੋਕ ਸਭਾ ਚੋਣਾਂ ਬਾਰੇ ਲੋਕਾਂ ਦੀ ਰਾਇ ਜਾਣਨ ਲਈ ‘ਮੂਡ ਆਫ਼ ਨੇਸ਼ਨ’ ਦੇ ਨਾਂਅ ਹੇਠ ਇੱਕ ਚੋਣ ਸਰਵੇ ਕੀਤਾ ਸੀ। ਏਜੰਸੀਆਂ ਮੁਤਾਬਕ ਉਨ੍ਹਾਂ ਵੱਲੋਂ ਹਰ ਲੋਕ ਸਭਾ ਹਲਕੇ ਵਿੱਚ ਜਾ ਕੇ ਔਸਤਨ 35801 ਵੋਟਰਾਂ ਦੀ ਰਾਇ ਲੈ ਕੇ ਆਪਣਾ ਨਤੀਜਾ ਕੱਢਿਆ ਗਿਆ ਹੈ। ਆਮ ਤੌਰ ’ਤੇ ਚੋਣਾਂ ਤੋਂ ਪਹਿਲਾਂ ਕੀਤੇ ਜਾਂਦੇ ਅਜਿਹੇ ਸਰਵੇਖਣ ਸੱਤਾਧਾਰੀ ਧਿਰ ਦੇ ਹੱਕ ਵਿੱਚ ਹਵਾ ਬੰਨ੍ਹਣ ਲਈ ਹੀ ਕੀਤੇ ਜਾਂਦੇ ਹਨ, ਪਰ ਨਤੀਜਾ ਕੱਢਣ ਸਮੇਂ ਏਜੰਸੀਆਂ ਨੂੰ ਆਪਣੀ ਸਾਖ ਬਚਾਉਣ ਦੀ ਵੀ ਫਿਕਰ ਹੁੰਦੀ ਹੈ। ਏਜੰਸੀਆਂ ਵੱਲੋਂ ਜਾਰੀ ਸਰਵੇਖਣ ਬਾਰੇ ਗੱਲ ਕਰਨ ਤੋਂ ਪਹਿਲਾਂ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਾਅਵੇ ਬਾਰੇ ਜਾਣਦੇ ਹਾਂ। ਰਾਸ਼ਟਰਪਤੀ ਦੇ ਭਾਸ਼ਣ ’ਤੇ ਧੰਨਵਾਦ ਮਤੇ ਬਾਰੇ ਬੋਲਦਿਆਂ ਉਨ੍ਹਾ ਦਾਅਵਾ ਕੀਤਾ ਸੀ ਕਿ ਇਸ ਵਾਰ ਐੱਨ ਡੀ ਏ 400 ਪਾਰ ਤੇ ਭਾਜਪਾ ਇਕੱਲਪ 370 ਸੀਟਾਂ ਜਿੱਤੇਗੀ।

ਹੁਣ ਏਜੰਸੀਆਂ ਦੇ ਸਰਵੇ ਦੇ ਨਤੀਜੇ ਦੀ ਸਚਾਈ ਜਾਣਦੇ ਹਾਂ। ਏਜੰਸੀਆਂ ਦਾ ਸਰਵੇ ਕਹਿੰਦਾ ਹੈ ਕਿ ਇਸ ਵਾਰ ਭਾਜਪਾ 300 ਤੋਂ 304 ਸੀਟਾਂ ਜਿੱਤ ਸਕਦੀ ਹੈ। ਇਸ ਦਾ ਮਤਲਬ ਹੈ ਬਹੁਮਤ ਤੋਂ ਸਿਰਫ਼ 30-32 ਕੁ ਸੀਟਾਂ ਵੱਧ। ਗੋਦੀ ਮੀਡੀਆ ਨੇ ਇਸ ਅੰਕੜੇ ਨੂੰ ਖ਼ੂਬ ਉਛਾਲਿਆ ਹੈ, ਪਰ ਇਸ ਸਰਵੇਖਣ ਵਿੱਚ ਪੇਸ਼ ਕੀਤੇ ਗਏ ਹੋਰ ਅੰਕੜਿਆਂ ਤੋਂ ਉਨ੍ਹਾਂ ਅੱਖਾਂ ਮੀਟ ਰੱਖੀਆਂ ਹਨ। ਇਹ ਅੰਕੜੇ ਦੱਸਦੇ ਹਨ ਕਿ ਦੇਸ਼ ਦੀ ਬਹੁਗਿਣਤੀ ਅਬਾਦੀ ਮੋਦੀ ਸਰਕਾਰ ਦੇ ਕੰਮਕਾਜ ਤੋਂ ਸੰਤੁਸ਼ਟ ਨਹੀਂ। ਦੇਸ਼ ਦੇ 54 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਬੇਰੁਜ਼ਗਾਰੀ ਦਾ ਸੰਕਟ ਗੰਭੀਰ ਹੈ, 17 ਫ਼ੀਸਦੀ ਕਹਿੰਦੇ ਹਨ ਕਿ ਇਹ ਕੋਈ ਸਮੱਸਿਆ ਨਹੀਂ। ਇਸ ਦੇ ਨਾਲ ਹੀ 56 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਰੁਜ਼ਗਾਰ ਪੈਦਾ ਕਰਨ ਵਿੱਚ ਨਾਕਾਮ ਰਹੀ ਹੈ।

ਇਸ ਸਰਵੇ ਵਿੱਚ 52 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਮੋਦੀ ਰਾਜ ਦੌਰਾਨ ਸਭ ਤੋਂ ਵੱਧ ਫਾਇਦਾ ਵੱਡੇ ਕਾਰੋਬਾਰੀਆਂ ਨੂੰ ਹੋਇਆ ਹੈ, ਜਦੋਂ ਕਿ 9 ਫੀਸਦੀ ਦਾ ਕਹਿਣਾ ਹੈ ਕਿਸਾਨਾਂ ਦਾ ਫਾਇਦਾ ਹੋਇਆ ਹੈ, 8 ਫ਼ੀਸਦੀ ਦਾ ਕਹਿਣਾ ਹੈ ਮੁਲਾਜ਼ਮਾਂ ਦਾ ਫਾਇਦਾ ਹੋਇਆ ਹੈ ਤੇ 11 ਫ਼ੀਸਦੀ ਦਾ ਕਹਿਣਾ ਹੈ ਛੋਟੇ ਵਪਾਰੀਆਂ ਦਾ ਫਾਇਦਾ ਹੋਇਆ ਹੈ। ਮੋਦੀ ਰਾਜ ਦੌਰਾਨ ਬੇਕਾਰੀ ਤੇ ਮਹਿੰਗਾਈ ਨੇ ਆਮ ਲੋਕਾਂ ਦਾ ਜਿਸ ਤਰ੍ਹਾਂ ਧੂੰਆਂ ਕੱਢਿਆ ਹੈ, ਉਸ ਬਾਰੇ 62 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਘਰ ਚਲਾਉਣਾ ਮੁਸ਼ਕਲ ਹੋ ਗਿਆ ਹੈ, ਜਦੋਂ ਕਿ 33 ਫ਼ੀਸਦੀ ਦਾ ਕਹਿਣਾ ਹੈ ਕਿ ਖਰਚ ਵਧ ਗਿਆ ਹੈ, ਪ੍ਰੰਤੂ ਹਾਲੇ ਗੁਜ਼ਾਰਾ ਚੱਲ ਰਿਹਾ ਹੈ। ਭਵਿੱਖ ਨੂੰ ਲੈ ਕੇ ਵੀ ਲੋਕਾਂ ਵਿੱਚ ਨਿਰਾਸ਼ਤਾ ਵਧੀ ਹੈ। 30 ਫ਼ੀਸਦੀ ਲੋਕ ਮੰਨਦੇ ਹਨ ਕਿ ਅੱਗੇ ਹਾਲਤ ਹੋਰ ਬਦਤਰ ਹੋਣਗੇ, 33 ਫ਼ੀਸਦੀ ਨੂੰ ਲਗਦਾ ਹੈ ਕਿ ਹਾਲਤ ਜਿਉਂ ਦੀ ਤਿਉਂ ਰਹੇਗੀ, ਜਦੋਂ ਕਿ 25 ਫ਼ੀਸਦੀ ਨੂੰ ਲੱਗਦੈ ਕਿ ਹਾਲਤ ਸੁਧਰੇਗੀ।

ਵਿਕਸਤ ਭਾਰਤ ਦੇ ਦਾਅਵੇ ਬਾਰੇ 34 ਫ਼ੀਸਦੀ ਨੂੰ ਲਗਦਾ ਹੈ ਕਿ ਅਗਲੇ 6 ਮਹੀਨਿਆਂ ਵਿੱਚ ਅਰਥ ਵਿਵਸਥਾ ਸੁਧਰੇਗੀ, ਜਦੋਂ ਕਿ 56 ਫ਼ੀਸਦੀ ਦਾ ਕਹਿਣਾ ਹੈ ਕਿ ਨਹੀਂ ਸੁਧਰੇਗੀ। 33 ਫ਼ੀਸਦੀ ਲੋਕਾਂ ਨੂੰ ਲਗਦਾ ਹੈ ਕਿ ਮੋਦੀ ਰਾਜ ਦੌਰਾਨ ਦੇਸ਼ ਦੀ ਆਰਥਕ ਹੈਸੀਅਤ ਵਧੀ ਹੈ, ਜਦੋਂ ਕਿ 64 ਫ਼ੀਸਦੀ ਦਾ ਕਹਿਣਾ ਹੈ ਕਿ ਨਹੀਂ ਵਧੀ। ਮੋਦੀ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਨੂੰ ਆਪਣੀ ਸਭ ਤੋਂ ਵੱਡੀ ਕਾਮਯਾਬੀ ਦੱਸਦੀ ਹੈ, ਪਰ ਇਸ ਸਵਾਲ ਉਤੇ ਵੀ 47 ਫ਼ੀਸਦੀ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਵਧਿਆ ਹੈ, ਜਦੋਂ 46 ਫ਼ੀਸਦੀ ਮੰਨਦੇ ਹਨ ਕਿ ਘੱਟ ਹੋਇਆ ਹੈ।

ਲੋਕਾਂ ਦੀਆਂ ਮੁਸੀਬਤਾਂ ਦਾ ਅਕਸ ਇਸ ਸਮੇਂ ਵੱਖ-ਵੱਖ ਵਰਗਾਂ ਦੇ ਫੁੱਟ ਰਹੇ ਗੁੱਸੇ ਤੋਂ ਵੀ ਦੇਖਿਆ ਜਾ ਸਕਦਾ ਹੈ। ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਔਰਤਾਂ ਤੇ ਨਾਗਰਿਕ ਸਮਾਜ ਦੇ ਸੰਗਠਨ ਲਗਾਤਾਰ ਸੰਘਰਸ਼ ਕਰ ਰਹੇ ਹਨ। ਦੇਸ਼ ਦੇ ਕਿਸਾਨਾਂ ਵੱਲੋਂ 16 ਫਰਵਰੀ ਨੂੰ ‘ਪੇਂਡੂ ਭਾਰਤ ਬੰਦ’ ਕੀਤਾ ਜਾ ਰਿਹਾ ਹੈ। ਆਰ ਐੱਸ ਐੱਸ ਦੀ ਯੂਨੀਅਨ ਨੂੰ ਛੱਡ ਕੇ ਦੇਸ਼ ਭਰ ਦੀਆਂ ਸਨਅਤੀ ਮਜ਼ਦੂਰਾਂ ਦੀਆਂ ਜਥੇਬੰਦੀਆਂ, ਮੁਲਾਜ਼ਮ ਸੰਗਠਨ ਤੇ ਕਈ ਥਾਈਂ ਵਪਾਰੀਆਂ ਦੀਆਂ ਯੂਨੀਅਨਾਂ ਨੇ ਵੀ ਆਪਣੇ ਕਾਰੋਬਾਰ ਤੇ ਕੰਮ ਬੰਦ ਕਰਕੇ ਲੋਕਤੰਤਰ ਨੂੰ ਬਚਾਉਣ ਲਈ ਇਸ ਮਹਾਨ ਸੰਗਰਾਮ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ। 28 ਫ਼ਰਵਰੀ ਨੂੰ ਆਇਸ਼ ਦੀ ਅਗਵਾਈ ਵਿੱਚ ਨੌਜਵਾਨ ਤੇ ਵਿਦਿਅਰਥੀ ਦਿੱਲੀ ਵਿੱਚ ਮੁਜ਼ਾਹਰਾ ਕਰਨਗੇ। ਪੰਜਾਬ ਇਸਤਰੀ ਸਭਾ ਪੰਜਾਬ ਭਰ ਵਿੱਚ ਪਿੰਡ-ਪਿੰਡ ਪਹੁੰਚ ਕੇ ‘ਔਰਤਾਂ ਦੇ ਸਨਮਾਨ ਵਿੱਚ ਇਸਤਰੀ ਸਭਾ ਮੈਦਾਨ’ ਦੇ ਨਾਅਰੇ ਹੇਠ ਔਰਤਾਂ ਨੂੰ ਜਥੇਬੰਦ ਕਰ ਰਹੀ ਹੈ। ਸਰਬ ਭਾਰਤ ਨੌਜਵਾਨ ਸਭਾ ਤੇ ਕੁਲ ਹਿੰਦ ਵਿਦਿਆਰਥੀ ਫੈਡਰੇਸ਼ਨ ਰੁਜ਼ਗਾਰ ਗਰੰਟੀ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਪੂਰੇ ਭਾਰਤ ਵਿੱਚ ਮੁਹਿੰਮ ਚਲਾ ਰਹੇ ਹਨ। ਮੋਦੀ ਜੇਕਰ ਸਮਝਦੇ ਹੋਣ ਕਿ ਉਹ ਆਪਣੇ ਸਿਆਸੀ ਵਿਰੋਧੀਆਂ ਨੂੰ ਡਰਾ, ਧਮਕਾ ਕੇ ਤੇ ਖਰੀਦ ਕੇ ਜੇਤੂ ਹੋ ਜਾਣਗੇ ਤਾਂ ਇਹ ਉਨ੍ਹਾ ਦਾ ਭਰਮ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਸਿਆਸੀ ਪਾਰਟੀਆਂ ਵਿਰੋਧ ਦੀ ਜ਼ਿੰਮੇਵਾਰੀ ਤੋਂ ਭੱਜ ਜਾਣ ਤਾਂ ਜਨਤਾ ਖੁਦ ਆਪੋਜ਼ੀਸ਼ਨ ਦਾ ਰੂਪ ਧਾਰਨ ਕਰਕੇ ਵੱਡੇ-ਵੱਡੇ ਤਾਨਾਸ਼ਾਹਾਂ ਨੂੰ ਧੂੜ ਚਟਾ ਦਿੰਦੀ ਹੈ। ਇੰਦਰਾ ਗਾਂਧੀ ਨੇ 1975 ਵਿੱਚ ਐਮਰਜੈਂਸੀ ਲਾ ਕੇ ਜਦੋਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਸੀ ਤਾਂ ਜਨਤਾ ਨੇ ਮੈਦਾਨ ਵਿੱਚ ਨਿੱਤਰ ਕੇ ਅਗਲੀ ਚੋਣ ਵਿੱਚ ਇੰਦਰਾ ਗਾਂਧੀ ਨੂੰ ਅਣਕਿਆਸੀ ਹਾਰ ਦੇ ਦਿੱਤੀ ਸੀ। ਅੱਜ ਜ਼ਰੂਰਤ ਹੈ ਕਿ ਵਿਰੋਧੀ ਧਿਰਾਂ ਅਗਲੇ ਦੋ ਮਹੀਨੇ ਜਨਤਾ ਦੇ ਗੁੱਸੇ ਨੂੰ ਲੋਕ-ਪੱਖੀ ਪ੍ਰੋਗਰਾਮ ਤੇ ਉਸਾਰੂ ਵਾਅਦਿਆਂ ਵਿੱਚ ਤਬਦੀਲ ਕਰਕੇ ਲੋਕ ਉਭਾਰ ਨੂੰ ਰਾਜਨੀਤਕ ਬਦਲ ਦਾ ਰੂਪ ਦੇਣ, ਤਾਂ ਜੋ ਤਾਨਾਸ਼ਾਹ ਹਾਕਮਾਂ ਤੋਂ ਦੇਸ਼ ਨੂੰ ਨਿਜਾਤ ਦਿਵਾਈ ਜਾ ਸਕੇ।

-ਚੰਦ ਫਤਿਹਪੁਰੀ

# ਭਾਨਾ ਸਿੱਧੂ ਮਾਲੇਰਕੋਟਲਾ ਜੇਲ੍ਹ ’ਚੋਂ ਰਿਹਾਅ

## ਕਿਸਾਨਾਂ ਦੇ ਦਿੱਲੀ ਮੋਰਚੇ ’ਚ ਸ਼ਾਮਲ ਹੋਣ ਦਾ ਐਲਾਨ ਕੀਤਾ



ਮਾਲੇਰਕੋਟਲਾ:ਸਮਾਜਿਕ ਕਾਰਕੁਨ ਤੇ ਬਲੌਗਰ ਭਾਨਾ ਸਿੱਧੂ ਅੱਜ ਇੱਥੇ ਸਬ-ਜੇਲ੍ਹ ਮਾਲੇਰਕੋਟਲਾ ਤੋਂ ਰਿਹਾਅ ਹੋ ਗਿਆ। ਜੇਲ੍ਹ ਤੋਂ ਬਾਅਦ ਆਉਣ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਭਾਨੇ ਨੇ ਕਿਹਾ ਕਿ ਉਹ ਕਿਸਾਨਾਂ ਵੱਲੋਂ ਦਿੱਲੀ ਵਿੱਚ ਲਗਾਏ ਜਾ ਰਹੇ ਮੋਰਚੇ ਵਿੱਚ ਸ਼ਾਮਲ ਹੋਵੇਗਾ।

ਉਸ ਨੇ ਦੱਸਿਆ ਕਿ ਉਸ ਦੇ ਦਾਦਾ ਨੇ ਵੀ 60 ਸਾਲ ਕਿਸਾਨ ਜਥੇਬੰਦੀ ਵਿੱਚ ਸਰਗਰਮ ਭੂਮਿਕਾ ਨਿਭਾਈ ਹੈ। ਉਸਨੇ ਆਪਣੀ ਰਿਹਾਈ ਲਈ ਅਕਾਲ ਪੁਰਖ, ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਅਤੇ ਬੀਬੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਉਸ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਇਸ ਮੌਕੇ ਭਾਨਾ ਸਿੱਧੂ ਨੇ ਡਿਬਰੂਗੜ੍ਹ ਸਮੇਤ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ’ਚ ਪਿਛਲੇ 28 ਸਾਲਾਂ ਨਾਲੋਂ ਵੀ ਵੱਧ ਸਮੇਂ ਤੋਂ ਬੰਦ ਸਿੱਖ ਨੌਜਵਾਨਾਂ ਦੀ ਗੱਲ ਕੀਤੀ। ਉਸ ਨੇ ਕਿਹਾ ਕਿ ਉਹ ਹਮੇਸ਼ਾ ਪੰਜਾਬ ਲਈ ਲੜਦਾ ਰਹੇਗਾ ਭਾਵੇਂ ਕਿ ਉਸ ਨੂੰ ਇਸ ਦੀ ਕੋਈ ਵੀ ਕੀਮਤ ਚੁਕਾਉਣੀ ਪਏ। ਉਸ ਨੇ ਕਿਹਾ ਕਿ ਉਹ ਆਪਣੇ ਪਿੰਡ ਵਿੱਚ ਸਿੱਖ, ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਦੀ ਮੌਜੂਦਗੀ ਵਿੱਚ ਜੇਲ੍ਹ ਅੰਦਰ ਹੋਏ ਤਸ਼ੱਦਦ ਬਾਰੇ ਖੁਲਾਸਾ ਕਰੇਗਾ।

ਉਸ ਨੇ ਕਿਹਾ ਕਿ ਜੇਲ੍ਹ ਵਿੱਚ ਉਸ ਦੀ ਕੁੱਟਮਾਰ ਹੋਈ, ਬਰਫ਼ ’ਤੇ ਪਾਇਆ ਗਿਆ, ਕੱਪੜੇ ਲਾਹ ਕੇ ਵੀਡੀਓਜ਼ ਬਣਾਈਆਂ ਗਈਆਂ ਅਤੇ ਸਰਕਾਰ ਵੱਲੋਂ ਆਈਆਂ ਫੋਨ ਕਾਲਾਂ ਦੇ ਸਬੂਤ ਸਮੇਤ ਉਹ ਅਜਿਹੇ ਕਈ ਖੁਲਾਸੇ ਕਰੇਗਾ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

www.akalisinghgurdwara.ca

15 ਫਰਵਰੀ ਦਿਨ ਵੀਰਵਾਰ.........ਦੁਪਹਿਰ 12:30 ਵਜੇ ਸਵ. ਮਾਤਾ ਬਸੰਤ ਕੌਰ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

16 ਫਰਵਰੀ, ਦਿਨ ਸ਼ੁੱਕਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।

17 ਫਰਵਰੀ, ਦਿਨ ਸ਼ਨਿੱਚਰਵਾਰ....ਸਵੇਰੇ 10:00 ਵਜੇ ਭਾਈ ਬਲਵਿੰਦਰ ਸਿੰਘ ਲਾਲੀ ਅਤੇ ਪਰਿਵਾਰ ਵਲੋਂ ਨੰਬਰ 2 ਦਰਬਾਰ ਹਾਲ ਵਿਚ ਕੁੜਮਾਈ ਦੀ ਰਸਮ ਹੋਵੇਗੀ।

17 ਫਰਵਰੀ, ਦਿਨ ਸ਼ਨਿੱਚਰਵਾਰ....ਸ਼ਾਮ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਦਲਜੀਤ ਸਿੰਘ ਲਾਲ ਅਤੇ ਪਰਿਵਾਰ ਵਲੋਂ ਹੋਵੇਗੀ।

18 ਫਰਵਰੀ, ਦਿਨ ਐਤਵਾਰ........ਸਵੇਰ ਦੇ ਲੰਗਰ ਦੀ ਸੇਵਾ ਬਲਿੰਗ ਪਰਿਵਾਰ ਵਲੋਂ ਹੋਵੇਗੀ।

18 ਫਰਵਰੀ ਦਿਨ ਐਤਵਾਰ.........ਦੁਪਹਿਰ 2:00 ਵਜੇ ਬੀਬੀ ਬਲਵਿੰਦਰ ਕੌਰ ਬੱਲ ਵਲੋਂ ਠਾਕੇ ਦੀ ਰਸਮ ਹੋਵੇਗੀ।

18 ਫਰਵਰੀ, ਦਿਨ ਐਤਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਪਰਮਜੀਤ ਕੌਰ ਲਾਲੀ ਅਤੇ ਪਰਿਵਾਰ ਵਲੋਂ ਹੋਵੇਗੀ।

24 ਫਰਵਰੀ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਬਲਦੇਵ ਸਿੰਘ ਗਰੇਵਾਲ ਅਤੇ ਪਰਿਵਾਰ ਵਲੋਂ ਹੋਵੇਗੀ।

25 ਫਰਵਰੀ, ਦਿਨ ਐਤਵਾਰ........ਸਵੇਰ ਨੂੰ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਉਣਾ ਹਿਤ ਦੀਵਾਨ ਸਜਣਗੇ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਰਾਜਸੀ ਯੋਜਨਾਕਾਰੀ

ਪੰਜਾਬ ਦੇ ਪੇਂਡੂ ਜੀਵਨ ਦਾ ਉਜਾੜਾ ਦਿੱਲੀ ਸਲਤਨਤ ਨੇ ਅਪਣੀ ਲੰਮੀ ਮੁੱਦਤ ਤੋਂ ਚਲਦੀ ਆਉਂਦੀ ਰਾਜਸੀ ਯੋਜਨਾਕਾਰੀ ਨਾਲ ਕੀਤਾ। ਇਸ ਵਿਉਂਤਬੰਦੀ ਦਾ ਸਿੱਧ ਪਧਰਾ ਅਰਥ ਹੈ ਪੰਜਾਬ ਦੇ ਕੁਦਰਤੀ, ਭੌਤਕ, ਮਨੁਖੀ ਅਤੇ ਨਕਦੀ ਰਿਸੋਰਸਜ਼ ਦੀ ਸਰਬ ਪੱਖੀ ਲੁੱਟ ਅਤੇ ਇਸ ਸਟੇਟ ਨੂੰ ਕਲੋਨੀਅਲ ਗ਼ੁਲਾਮੀ ਵਿਚ ਨੂੜ ਕੇ ਸੁੱਟੀ ਰੱਖਣਾ ।

ਕੁਛ ਦੇਰੀ ਨਾਲ ਹੀ ਸਹੀ, ਪਰ ਸਿੱਖ ਰਾਜਨੀਤੀ ਪੰਜਾਬ ਲਈ ਨਿਸ਼ਚਤ ਕੀਤੇ ਇਸ ਸਥਾਨ ਬਾਰੇ ਘੱਟੋ ਘੱਟ 1970ਵਿਆਂ ਤੋਂ ਨਾ ਸਿਰਫ ਚੌਕਸ ਹੈ ਬਲਕਿ ਇਸ ਵਿਰੁੱਧ ਸੰਘਰਸ਼ਸ਼ੀਲ ਵੀ ਹੈ। 1984 ਅਤੇ ਬਾਅਦ ਦਾ ਘਟਣਾਕਰਮ ਪੰਜਾਬ ਦੀ ਕਲੋਨੀਅਨ ਲੁੱਟ ਵਾਲੀ ਹੈਸੀਅਤ ਵਿਰੁੱਧ ਚਲਦੇ ਸਿੱਖ ਸੰਘਰਸ਼ ਦੀ ਸਿਖਰ ਸੀ ।

ਪੰਜਾਬ ਦੀ ਬੀਮਾਰੀ ਦੀਆਂ ਜੜਾਂ ਸੰਪੂਰਨ ਤੌਰ ਤੇ ਰਾਜਸੀ ਹਨ ਜਦ ਕਿ ਕਿਸਾਨ ਯੂਨੀਅਨਾਂ ਇਸ ਦਾ ਇਲਾਜ ਮੰਡੀਕਰਨ ਦੀਆਂ ਕੁਛ ਰਿਆਇਤਾਂ, ਵਿੱਤੀ ਲੇਪਾ ਪੋਚੀ ਅਤੇ ਮੁਰੰਮਤਾਂ ਦੀ ਤਾਕੀ ਰਾਹੀਂ ਵੇਖਦੀਆਂ ਹਨ ।

ਅੱਜ ਕਲ ਕਈ ਯੂਨੀਅਨਾਂ "ਦਿੱਲੀ ਚਲੋ" ਦੇ ਚਾਲੇ ਪਾ ਰਹੀਆਂ ਹਨ, ਇਕ ਲਈ ਚੰਡੀਗੜ ਨਿਸ਼ਾਨੇ ਉਪਰ ਹੈ, ਤੀਜੀ ਧਿਰ "ਭਾਰਤ ਬੰਦ" ਦਾ ਨਾਅਰਾ ਮਾਰ ਰਹੀ ਹੈ। ਸਭਨਾਂ ਦੀ ਸਾਂਝੀ ਮੰਗ ਹੈ ਖੇਤੀ ਫਸਲਾਂ ਦਾ ਘੱਟੋਘਟ ਸਮਰਥਨ ਮੁੱਲ ਤੈਅ ਹੋਵੇ, ਸਰਕਾਰ ਸਾਰਾ ਮਾਲ ਇਨ੍ਹਾਂ ਨਿਯੁਕਤ ਭਾਵਾਂ ਤੇ ਆਪ ਚੁੱਕੇ , ਇਹ ਭਾਅ ਖਪਤਕਾਰ ਸੂਚਕ ਅੰਕ ਨਾਲ ਜੋੜੇ ਜਾਣ ਅਤੇ ਨਾਲ ਸਵਾਮੀਨਾਥਨ ਦੀ ਸਿਫਾਰਸ਼ ਅਨੁਸਾਰ 50 ਫੀਸਦੀ ਮੁਨਾਫਾ ਵੀ ਦਿੱਤਾ ਜਾਵੇ ।

ਅੱਜ ਕੱਲ੍ਹ ਫਰਵਰੀ 2024 ਹੈ। ਐਨ 40 ਸਾਲ ਪਹਿਲਾਂ, ਫਰਵਰੀ 1984 ਵਿਚ ਵੀ, ਉਸ ਵੇਲੇ ਹੋਂਦ ਰਖਦੀਆਂ ਦਰਜਨ ਦੇ ਕਰੀਬ ਯੂਨੀਅਨਾਂ ਗਵਰਨਰ ਪਾਂਡੇ ਦਾ ਘਿਰਾਉ ਕਰ ਕੇ ਚੰਡੀਗੜ ਬੈਠੀਆਂ ਸਨ। ਮੰਗਾਂ ਇਹੀ ਸਨ: ਫਸਲਾਂ ਦੇ ਭਾਅ ਸੂਚਕ ਅੰਕ ਨਾਲ ਜੋੜੇ ਜਾਣ। ਤਿੰਨ ਸਾਲ ਪਹਿਲਾਂ ਦਿੱਲੀ ਵਾਲੇ ਕਿਸਾਨ ਧਰਨੇ ਦੀਆਂ ਚਾਰ ਕਾਨੂੰਨਾਂ ਦੇ ਖਾਤਮੇ ਵਾਲੀਆਂ ਰਖਿਆਤਮਕ ਮੰਗਾਂ ਤੋਂ ਇਲਾਵਾ ਵਾਲੀ ਮੁਖ ਮੰਗ ਦਾ ਸਬੰਧ ਵੀ ਸਮਰਥਨ ਭਾਅ ਨਿਯੁਕਤੀ ਅਤੇ ਸੂਚਕ ਅੰਕ ਦੇ ਮੁੱਦੇ ਸਨ ।

ਯੂਨੀਅਨਾਂ ਦੁਆਰਾ 1984 ਵਿਚ ਬੱਚਿਆਂ ਵਾਲੇ ਲੱਕੜੀ ਦੇ ਘੋੜੇ ਦੀ ਸਵਾਰੀ ਕਰਵਾਉਣ ਦਾ ਪ੍ਰਬੰਧ ਭਾਰਤੀ ਖੁਫੀਆ ਏਜੰਸੀਆਂ ਨੇ ਕੀਤਾ ਸੀ ।

ਕੁਛ ਦਿਨਾਂ ਦੇ ਠਕ ਠਕੇ ਪਿਛੋਂ ਕਿਸੇ ਨੇ ਪੰਜਾਬ ਦੇ ਵਿਕਾਸ ਕਮਿਸ਼ਨਰ ਤੇਜਿੰਦਰ ਖੰਨਾ ਦੀ ਕਮੇਟੀ ਬਣਾ ਦਿੱਤੀ। ਅਖੇ ਉਹ ਪੰਜਾਬ ਦਾ ਅਫਸਰ (ਸਰਬ ਹਿੰਦ ਨੌਈਅਤ ਦੀਆਂ) ਮੰਗਾਂ ਦੀ ਛਾਣਬੀਣ ਕਰੇਗਾ। ਜਿੱਤ ਹੋ ਗਈ, ਬਈ ਜਿੱਤ ਹੋ ਗਈ, ਘਿਰਾਉ ਖਤਮ, ਚਲੋ ਜੀ, ਘਰੋ ਘਰੀਂ !

1984 ਵਾਲੇ ਸਰਕਾਰੀ ਘਿਰਾਉ ਦਾ ਅਸਲ ਮਕਸਦ ਪੰਜਾਬ ਦੀ ਆਟਾਨੋਮੀ ਤਹਿਰੀਕ ਨਾਲੋਂ ਤੋੜ ਕੇ ਕਿਸਾਨ ਸ਼ਕਤੀ ਨੂੰ ਅਲਗ ਥਲਗ ਕਰਨਾ ਅਤੇ ਕੁਛ ਇਕ ਆਰਥਕ ਰਿਆਇਤਾਂ ਵਲ ਤੋਰਨਾ ਸੀ ।

ਅੱਜ ਵੀ ਇਹ ਯੂਨੀਅਨਾਂ ਵੱਧ ਘੱਟ ਉਸੇ ਉਜੜੇ ਰਸਤੇ ਦੀਆਂ ਅਣਥਕ ਪਾਂਧੀ ਬਣੀਆਂ ਹੋਈਆਂ ਹਨ। ਕੁਛ ਇਕ ਨੇ ਤਾਂ ਅਪਣੇ ਨਾਮ ਨਾਲ "ਗ਼ੈਰਸਿਆਸੀ" ਹੋਣ ਦੇ ਪਰਮਾਣ ਪੱਤਰ ਵੀ ਜੋੜ ਲਏ ਹਨ ਅਤੇ ਇਕ ਕਿਸਮ ਦਾ ਭਰੋਸਾ ਦਿਵਾਇਆ ਹੈ ਕਿ ਅਸੀਂ "ਉਹ" (ਸਿੱਧੂ ਲੀਹ ਵਾਲੇ) ਨਹੀਂ ਹਾਂ, ਘਰ ਦੇ ਬੰਦੇ ਹੀ ਹਾਂ !!

ਕਾਰਲ ਮਾਰਕਸ ਦਾ ਪ੍ਰਸਿੱਧ ਕਥਨ ਹੈ : ਇਤਹਾਸ ਅਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਪਹਿਲਾਂ ਘਟਣਾਵਾਂ ਦੁਖਾਂਤ ਵਜੋਂ ਰੂਪਮਾਨ ਹੁੰਦੀਆਂ ਹਨ, ਫੇਰ ਇਹ ਮਖੌਲ ਬਣ ਕੇ ਉਭਰਦੀਆਂ ਹਨ!

1982 ਵਿਚ ਧਰਮਯੁੱਧ ਮੋਰਚੇ ਦੌਰਾਨ ਅਕਾਲੀ ਦਲ ਨੇ ਏਸ਼ੀਅਨ ਖੇਡਾਂ ਮੌਕੇ ਅਪਣੀਆਂ ਮੰਗਾਂ ਦੇ ਪ੍ਰਚਾਰ ਹਿਤ ਵਰਕਰ ਦਿੱਲੀ ਭੇਜਣ ਦਾ ਐਲਾਨ ਕੀਤਾ ਪਰ ਇੰਦਰਾ ਗਾਂਧੀ ਦੀ ਹਦਾਇਤ ਤੇ ਉਸ ਵੇਲੇ ਦੇ ਮੁਖ ਮੰਤਰੀ ਭਜਨ ਲਾਲ ਨੇ ਜੀ.ਟੀ. ਰੋਡ ਤੇ ਚਲਦੇ ਸਿੱਖਾਂ ਨੂੰ ਵਾਹਨਾਂ ਵਿਚੋਂ ਧੂਹ ਧੂਹ ਬਾਹਰ ਕੱਢਿਆ, ਉਨ੍ਹਾਂ ਦੀ ਦੱਬ ਕੇ ਬੇਇਜ਼ਤੀ ਕੀਤੀ, ਕਾਂਗਰਸ ਦੇ ਪਾਰਲੀਮੈਂਟ ਮੈਂਬਰਾਂ ਅਤੇ ਸਿੱਖ ਫੌਜੀਆਂ ਤੱਕ ਨੂੰ ਵੀ ਨਾ ਬਖਸ਼ਿਆ ।

ਅੱਜ ਕੱਲ ਨਰੇਂਦਰ ਮੋਦੀ ਦੀ ਹਦਾਇਤ ਤੇ ਮੁਖ ਮੰਤਰੀ ਮਨੋਹਰ ਲਾਲ ਖੱਟਰ ਧਰਨੇ ਲਈ ਦਿੱਲੀ ਜਾਣ ਵਾਲੇ ਕਿਸਾਨਾਂ ਮਗਰ ਹੱਥ ਧੋ ਕੇ ਪਿਆ ਹੋਇਆ ਹੈ !

ਸਬੱਬ ਦੀ ਗੱਲ, 1982 ਵਿਚ ਵੀ ਅਤੇ ਅੱਜ ਵੀ ਹਰਿਆਣਾ ਦੇ ਮੁਖ ਮੰਤਰੀ ਦਾ ਅਹੁਦਾ ਪੰਜਾਬੀ ਹਿੰਦੂ ਦੇ ਹੱਥਾਂ ਵਿਚ ਸੀ! ਹੋਰ ਸਬੱਬ, ਦੋਵਾਂ ਦੇ ਨਾਵਾਂ ਵਿਚ "ਲਾਲ" ਦੀ ਸਾਂਝ ਸੀ। ਯਾਨੀ ਸਿੱਖਾਂ ਦੇ ਮੂੰਹ ਲਾਲ ਕਰਨ ਵਾਲੇ!

ਇਤਹਾਸ ਦਾ ਇਕ ਹੋਰ ਦੁਹਰਾਅ: 2021 ਦੇ ਕਿਸਾਨ ਅੰਦੋਲਨ ਨੂੰ ਪਿਛੋਂ ਕਾਂਗਰਸੀ ਮੁਖ ਮੰਤਰੀ ਅਮਰਿੰਦਰ ਸਿੰਘ ਦੀ ਹਮਦਰਦੀ ਅਤੇ ਹਮਾਇਤ ਹਾਸਲ ਸੀ ਅਤੇ ਸ਼ਾਇਦ ਕੁੰਮਕ ਵੀ ਪਹੁੰਚਦੀ ਸੀ। ਹੁਣ "ਦਿੱਲੀ ਚਲੋ" ਮਾਰਚ ਵਾਲਿਆਂ ਪ੍ਰਤੀ ਝਾੜੂ ਦਲ ਦੇ ਮੁਖ ਮੰਤਰੀ ਭਗਵੰਤ ਮਾਨ ਦੀਆਂ ਬਾਛਾਂ ਖਿਲੀਆਂ ਵੇਖੀਆਂ ਜਾ ਸਕਦੀਆਂ ਹਨ !!

ਆਪਣੇ ਵਪਾਰ ਦੇ ਵਾਧੇ ਲਈ/ਵਿਆਹ ਦੇ ਰਿਸ਼ਤੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ:604-590-5200

Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।


ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਬੰਦੀ ਛੋੜ ਦਿਵਸ ਗੁਰੂ ਹਰਗੋਬਿੰਦ ਸਾਹਿਬ ਜੀ, ਪ੍ਰਕਾਸ਼ ਦਿਹਾੜਾ ਭਗਤ ਰਵਿਦਾਸ ਜੀ, ਜਨਮਦਿਨ ਪ੍ਰੋ. ਸਾਹਿਬ ਸਿੰਘ ਜੀ ਅਤੇ ਬਰਸੀ ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ ਜੀ ਮਨਾਏ ਜਾਣਗੇ। ਇਕ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਅਵਤਾਰ ਸਿੰਘ ਮੱਟੂ ਪਰਿਵਾਰ, ਭਾਈ ਹਰਜੀਤ ਸਿੰਘ ਬਰਾੜ ਪਰਿਵਾਰ ਵੱਲੋਂ ਆਪਣੇ ਬੱਚਿਆਂ ਦੇ ਅਨੰਦ ਕਾਰਜ ਦੀ ਸਫਲਤਾ ਲਈ ਹੋਵੇਗੀ। ਜਿਸ ਦੀ ਆਰੰਭਤਾ 16 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 18 ਫਰਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*17 ਫਰਵਰੀ ਦਿਨ ਸ਼ਨਿਚਰਵਾਰ ਨੂੰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਬਖਸ਼ ਸਿੰਘ ਪਰਿਵਾਰ ਵੱਲੋਂ ਹੋਵੇਗੀ।

*17 ਫਰਵਰੀ ਦਿਨ ਸ਼ਨਿਚਰਵਾਰ ਨੂੰ ਅੰਤਮ ਸਸਕਾਰ ਸਵ. ਬਲਵਬੀਰ ਸਿੰਘ ਪਰਮਾਰ ਸ਼ਾਮ 3 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸ਼ਾਮ 4.30 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*18 ਫਰਵਰੀ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਪ੍ਰਭਦੀਪ ਸਿੰਘ ਬੈਂਸ 2. ਭਾਈ ਦਲਵੀਰ ਸਿੰਘ ਲਿੱਧੜ ਪਰਿਵਾਰ

***18 ਫਰਵਰੀ ਸਵੇਰੇ 10 ਵਜੇ ਤੋਂ 12 ਵਜੇ ਤੱਕ ਸਟੈਮ ਸੈੱਲ ਵਾਸਤੇ ਕੈਂਪ ਲੱਗੇਗਾ ਜਿਸ ਵਿਚ ਕੋਈ ਵੀ ਵੀਰ ਭੈਣ ਸਟੈਮ ਸੈੱਲ ਦੇਣਾ ਚਾਹੇ ਤਾਂ ਦੇ ਸਕਦਾ ਹੈ।**

*18 ਫਰਵਰੀ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਭੁਪਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲੋਕਪ੍ਰਿਅਤਾ ਘਟਣ ਲੱਗੀ

ਟਰਾਂਟੋ- ਕੈਨੇਡਾ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲੋਕਪ੍ਰਿਅਤਾ ਘੱਟਦੀ ਜਾ ਰਹੀ ਹੈ। ਆਉਣ ਵਾਲੀਆਂ ਚੋਣਾਂ ਵਿਚ ਟਰੂਡੋ ਦੀ ਲਿਬਰਲ ਪਾਰਟੀ ਨੂੰ ਵੱਡੇ ਨੁਕਸਾਨ ਦਾ ਖਤਰਾ ਜਤਾਇਆ ਗਿਆ ਹੈ। ਨੈਨੋਸ ਰਿਸਰਚ ਦੇ ਤਾਜ਼ਾ ਬੈਲਟ ਨੰਬਰਾਂ ਅਤੇ ਸੀਟ ਪ੍ਰੋਜੇਕਸ਼ਨ ਡੇਟਾ ਅਨੁਸਾਰ ਫੈਡਰਲ ਕੰਜ਼ਰਵੇਟਿਵਾਂ ਨੇ ਲਿਬਰਲਾਂ ‘ਤੇ ਮਜ਼ਬੂਤ ਬੜਤ ਬਣਾਈ ਹੋਈ ਹੈ, ਜਿਨ੍ਹਾਂ ਨੂੰ ਪਿਛਲੀਆਂ ਸੰਘੀ ਚੋਣਾਂ ਵਿਚ ਜਿੱਤੇ ਮੈਟਰੋ ਵੈਨਕੂਵਰ ਅਤੇ ਗ੍ਰੇਟਰ ਟੋਰਾਂਟੋ ਏਰੀਆ ਦੇ ਵੱਡੇ ਹਿੱਸੇ ਨੂੰ ਗੁਆਉਣ ਦਾ ਖਤਰਾ ਹੈ।ਰਿਸਰਚ ਮੁਤਾਬਕ ਜੇਕਰ ਅੱਜ ਚੋਣਾਂ ਹੁੰਦੀਆਂ ਹਨ ਤਾਂ ਕੰਜ਼ਰਵੇਟਿਵਾਂ ਨੂੰ 40 ਪ੍ਰਤੀਸ਼ਤ ਬੈਲਟ ਸਮਰਥਨ ਪ੍ਰਾਪਤ ਹੋਵੇਗਾ, ਜਿਸ ਨਾਲ ਉਹ ਲਿਬਰਲਾਂ ‘ਤੇ 15 ਅੰਕਾਂ ਦੀ ਬੜ੍ਹਤ ਪ੍ਰਾਪਤ ਕਰਨਗੇ ਜਿਨ੍ਹਾਂ ਕੋਲ 24.7 ਪ੍ਰਤੀਸ਼ਤ ਬੈਲਟ ਸਮਰਥਨ ਹੈ।

2021 ਦੇ ਚੋਣ ਪ੍ਰਦਰਸ਼ਨ ਦੇ ਮੁਕਾਬਲੇ ਕੰਜ਼ਰਵੇਟਿਵਾਂ ਲਈ ਇਹ 6.3 ਪ੍ਰਤੀਸ਼ਤ ਅੰਕਾਂ ਦਾ ਵਾਧਾ ਹੈ, ਜਦੋਂ ਕਿ ਲਿਬਰਲ ਤਿੰਨ ਸਾਲ ਪਹਿਲਾਂ ਨਾਲੋਂ 7.9 ਪ੍ਰਤੀਸ਼ਤ ਅੰਕ ਘੱਟ ਹਨ। ਨੈਨੋਸ ਰਿਸਰਚ ਅਤੇ ਸੀਟੀਵੀ ਨਿਊਜ਼ ਦੇ ਅਧਿਕਾਰਤ ਪੋਲਸਟਰ ਦੇ ਚੇਅਰ ਨਿਕ ਨੈਨੋਸ ਨੇ ਟ੍ਰੈਂਡ ਲਾਈਨ ਦੇ ਤਾਜ਼ਾ ਐਪੀਸੋਡ ‘ਤੇ ਕਿਹਾ, “ਮੁੱਖ ਗੱਲ ਇਹ ਹੈ ਕਿ ਜੇਕਰ ਅੱਜ ਕੋਈ ਚੋਣ ਹੁੰਦੀ ਹੈ ਤਾਂ ਅਸੀਂ ਅਜੇ ਵੀ ਕੰਜ਼ਰਵੇਟਿਵ ਬਹੁਮਤ ਵਾਲੀ ਸਰਕਾਰ ਬਾਰੇ ਗੱਲ ਕਰ ਰਹੇ ਹਾਂ।“ਇੱਥੇ ਦੱਸ ਦਈਏ ਕਿ ਐਨ.ਡੀ.ਪੀ 20.6 ਫੀਸਦੀ ‘ਤੇ ਹੈ, ਜੋ ਕਿ 2.8 ਫੀਸਦੀ ਤੋਂ ਥੋੜ੍ਹਾ ਵੱਧ ਹੈ। ਸਿਰਫ਼ ਚਾਰ ਪ੍ਰਤੀਸ਼ਤ ਅੰਕ ਉਨ੍ਹਾਂ ਨੂੰ ਹੁਣ ਲਿਬਰਲਾਂ ਨਾਲੋਂ ਵੱਖ ਕਰਦੇ ਹਨ। ਬਲਾਕ ਕਿਊਬੇਕੋਇਸ 7.4 ਪ੍ਰਤੀਸ਼ਤ ‘ਤੇ ਹਨ, ਜੋ ਕਿ 2021 ਤੋਂ ਵੱਡੇ ਪੱਧਰ ‘ਤੇ ਬਦਲਿਆ ਨਹੀਂ ਹੈ। ਇਸ ਦੌਰਾਨ ਗ੍ਰੀਨਜ਼ ਅਤੇ ਪੀਪਲਜ਼ ਪਾਰਟੀ ਕ੍ਰਮਵਾਰ 2.8 ਪ੍ਰਤੀਸ਼ਤ ਅਤੇ 1.3 ਪ੍ਰਤੀਸ਼ਤ ਬੈਲਟ ਸਮਰਥਨ ‘ਤੇ ਹਨ।

ਐਨਡੀਪੀ ਆਗੂ ਜਗਮੀਤ ਸਿੰਘ ਟਰੂਡੋ ਤੋਂ ਔਖਾ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਐਨਡੀਪੀ ਆਗੂ ਜਗਮੀਤ ਸਿੰਘ ਵਿਚਕਾਰ ਵੱਧਦਾ ਤਣਾਅ ਇਕ ਵਾਰ ਸਾਹਮਣੇ ਆਇਆ ਹੈ। ਸਿੰਘ ਨੇ ਦੱਸਿਆ ਕਿ ਉਸਨੇ ਟਰੂਡੋ ਨੂੰ ਹਾਲ ਹੀ ਵਿੱਚ ਬੰਦ ਕਮਰੇ ਵਿਚ ਹੋਈ ਮੀਟਿੰਗ ਦੌਰਾਨ ਚਿਤਾਵਨੀ ਦਿੱਤੀ ਹੈ। ਚਿਤਾਵਨੀ ਮੁਤਾਬਕ ਜੇਕਰ ਟਰੂਡੋ ਸਰਕਾਰ ਫਾਰਮਾਕੇਅਰ ਕਾਨੂੰਨ ਪੇਸ਼ ਕਰਨ ਲਈ 1 ਮਾਰਚ ਦੀ ਸਮਾਂ ਸੀਮਾ ਖੁੰਝਾਉਂਦੀ ਹੈ ਤਾਂ ਇਸਦੇ ਨਤੀਜੇ ਗੰਭੀਰ ਹੋਣਗੇ।

ਸਿੰਘ ਨੇ ਅੱਗੇ ਕਿਹਾ,”ਮੈਂ ਟਰੂਡੋ ਨੂੰ ਨੋਟਿਸ ‘ਦੇ ਦਿੱਤਾ ਹੈ ਕਿ ਜੇ ਅਜਿਹਾ ਨਾ ਹੋਇਆ ਤਾਂ ਇਸਦੇ ਨਤੀਜੇ ਗੰਭੀਰ ਹੋਣਗੇ।“ ਇੱਥੇ ਦੱਸ ਦਈਏ ਕਿ 2022 ਂਧਫ-ਲਿਬਰਲ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਪਾਰਟੀ ਫਾਰਮਾਕੇਅਰ ਦੇ ਸਿਧਾਂਤਾਂ ਦੀ ਰੂਪਰੇਖਾ ਦੇਣ ਵਾਲੇ ਕਾਨੂੰਨ ਅਤੇ 2025 ਤੱਕ ਕੁਝ ਦਵਾਈਆਂ ਨੂੰ ਕਵਰ ਕਰਨਾ ਸ਼ੁਰੂ ਕਰਨ ਦੀ ਯੋਜਨਾ ਦੀ ਉਮੀਦ ਕਰ ਰਹੀ ਹੈ। ਨਵੰਬਰ ਵਿੱਚ ਸਰਕਾਰ ਨੇ ਮੰਨਿਆ ਕਿ ਉਹ ਸੌਦੇ ਦੀ ਅਸਲ ਸਮਾਂ-ਸੀਮਾ ਨੂੰ ਪੂਰਾ ਨਹੀਂ ਪਾਵੇਗੀ, ਜਿਸ ਵਿੱਚ 2024 ਤੋਂ ਪਹਿਲਾਂ ਫਾਰਮਾਕੇਅਰ ਕਾਨੂੰਨ ਪਾਸ ਕਰਨ ਦੀ ਮੰਗ ਕੀਤੀ ਗਈ ਸੀ। ਨਿਊ ਡੈਮੋਕਰੇਟਸ ਨੇ ਕਿਹਾ ਕਿ ਸਮਾਂ-ਸੀਮਾ ਨੂੰ ਖੁੰਝਾਉਣ ਨਾਲ ਲਿਬਰਲਾਂ ਨੂੰ ਨੁਕਸਾਨ ਹੋਵੇਗਾ।










# ਸਿਹਤ ਸੰਬੰਧੀ





# ਔਰਤਾਂ ਦੇ ਜਣਨ ਅੰਗਾਂ ਸੰਬੰਧੀ ਰੋਗ ਅਤੇ ਹੋਮਿਓਪੈਥੀ

ਔਰਤਾਂ ਦੇ ਜਣਨ ਅੰਗਾਂ ਸੰਬੰਧੀ ਅਨੇਕਾਂ ਰੋਗ ਹਨ ਪਰ ਇੱਥੇ ਸਿਰਫ਼ ਉਨ੍ਹਾਂ ਰੋਗਾਂ ਦਾ ਖੁਲਾਸਾ ਕੀਤਾ ਜਾਵੇਗਾ ਜਿਨ੍ਹਾਂ ਦਾ ਸਾਹਮਣਾ ਔਰਤਾਂ ਨੂੰ ਆਮ ਤੌਰ ’ਤੇ ਜੀਵਨ ਦੇ ਕਿਸੇ ਨਾ ਕਿਸੇ ਪੜਾਅ ’ਤੇ ਕਰਨਾ ਪੈਂਦਾ ਹੈ।

1.ਬਾਂਝਪਣ (ਸਟਰਿਲਟੀ): ਕਿਸੇ ਪ੍ਰਚਲਤ ਗਰਭ-ਨਿਰੋਧਕ ਸਾਧਨ ਅਪਣਾਏ ਬਗ਼ੈਰ ਵੀ ਜੇ ਗਰਭ ਨਾ ਠਹਿਰਦਾ ਹੋਵੇ ਤਾਂ ਬਾਂਝਪਣ ਦੀ ਹਾਲਤ ਹੋ ਸਕਦੀ ਹੈ। ਬਾਂਝਪਣ ਜਣਨ ਅੰਗਾਂ ਵਿੱਚੋਂ ਕਿਸੇ ਖ਼ਰਾਬੀ ਕਾਰਣ ਹੋ ਸਕਦਾ ਹੈ। ਕਈ ਔਰਤਾਂ ਇੱਕ ਵਾਰੀ ਤਾਂ ਗਰਭ ਧਾਰਨ ਕਰ ਲੈਂਦੀਆਂ ਹਨ ਪਰ ਦੂਜੀ ਵਾਰੀ ਉਹ ਅਜਿਹਾ ਨਹੀਂ ਕਰ ਸਕਦੀਆਂ। ਕਈ ਵਾਰੀ ਬਚਪਨ ਵਿੱਚ ਪ੍ਰੋਟੀਨ ਦੀ ਘਾਟ ਕਾਰਣ ਜਣਨ ਅੰਗਾਂ ਦਾ ਪੂਰਾ ਵਿਕਾਸ ਨਹੀਂ ਹੋਇਆ ਹੁੰਦਾ। ਕਈ ਔਰਤਾਂ ਜਿਨ੍ਹਾਂ ਨੂੰ ਅਨਿਯਮਿਤ ਮਾਹਵਾਰੀ ਆਉਂਦੀ ਹੈ, ਉਨ੍ਹਾਂ ਦੀਆਂ ਗ੍ਰੰਥੀਆਂ ਪੂਰੀ ਮਾਤਰਾ ਵਿੱਚ ਹਾਰਮੋਨ ਨਹੀਂ ਬਣਾਉਂਦੀਆਂ ਜਿਸ ਕਾਰਣ ਗਰਭ ਧਾਰਨ ਕਰਨ ਵਿੱਚ ਸਮੱਸਿਆ ਆਉਂਦੀ ਹੈ। ਕਈ ਔਰਤਾਂ ਦੇ ਜਣਨ ਅੰਗਾਂ ਵਿੱਚ ਕੋਈ ਹੋਰ ਖ਼ਰਾਬੀ ਨਹੀਂ ਹੁੰਦੀ ਪਰ ਉਨ੍ਹਾਂ ਦੀ ਓਵਰੀਜ਼ ਵਿੱਚ ਅੰਡਾ ਪਕ ਕੇ ਰੀਲੀਜ਼ ਨਹੀਂ ਹੁੰਦਾ। ਜੇਕਰ ਅੰਡਾ ਵੀ ਸਮੇਂ ਸਿਰ ਅਤੇ ਪਕ ਕੇ ਰੀਲੀਜ਼ ਹੋ ਜਾਵੇ ਅਤੇ ਫ਼ੈਲੋਪੀਅਨ ਟਿਊਬਾਂ ਵਿੱਚ ਕੋਈ ਖ਼ਰਾਬੀ, ਸੋਜਿਸ਼ ਜਾਂ ਰੁਕਾਵਟ ਹੋਵੇ ਤਾਂ ਵੀ “ਓਵਾ” ਅਤੇ “ਸਪਰਮ” ਦਾ ਆਪਸੀ ਮੇਲ ਨਹੀਂ ਹੋ ਸਕਦਾ ਜਿਸ ਕਾਰਣ ਗਰਭ ਠਹਿਰਨਾ ਮੁਸ਼ਕਲ ਹੁੰਦਾ ਹੈ। ਕਈ ਕੇਸਾਂ ਵਿੱਚ ਸੁਜਾਕ (ਗਨ੍ਹੌਰੀਆ) ਰੋਗ ਕਰਕੇ ਵੀ ਗਰਭ ਨਹੀਂ ਠਹਿਰਦਾ। ਜੇਕਰ ਜਣਨ ਅੰਗਾਂ ਵਿੱਚ ਕੋਈ ਵਿਗਾੜ ਜਾਂ ਰੋਗ ਨਾ ਹੋਵੇ ਤਾਂ ਹੋ ਸਕਦਾ ਹੈ ਕਿ ਪਤੀ-ਪਤਨੀ ਦਾ ਮਿਲਾਪ ਉਨ੍ਹਾਂ ਦਿਨਾਂ ਵਿੱਚ ਨਾ ਹੁੰਦਾ ਹੋਵੇ ਜਿਹੜੇ ਸਮੇਂ ਦੌਰਾਨ ਓਵਰੀਜ਼ ਵਿੱਚੋਂ ਅੰਡਾ ਪੱਕ ਕੇ ਨਿਕਲਦਾ ਹੈ। ਸਿੱਧਾ ਜਿਹਾ ਨਿਯਮ ਹੈ ਕਿ ਪੱਕਿਆ ਹੋਇਆ ਅੰਡਾ ਅਗਲੀ ਮਾਹਵਾਰੀ ਤੋਂ 14 ਦਿਨ ਪਹਿਲਾਂ ਦੋਹਾਂ ਵਿੱਚੋਂ ਕਿਸੇ ਇੱਕ ਫ਼ਿਲੋਪੀਅਨ ਟਿਊਬ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਲਈ ਸੰਤਾਨ ਪ੍ਰਾਪਤੀ ਲਈ ਇਸ ਸਮੇਂ ਦੌਰਾਨ ਦੰਪਤੀ ਦਾ ਮਿਲਾਪ ਜ਼ਰੂਰੀ ਹੁੰਦਾ ਹੈ ਵਰਨਾ ਪੱਕਿਆ ਅੰਡਾ ਵਿਅਰਥ ਚਲਾ ਜਾਂਦਾ ਹੈ। ਸੰਤਨ ਦੀ ਚਿੰਤਾ, ਸੰਤਾਨ ਪਾਉਣ ਦੀ ਵਧੇਰੇ ਚਾਹਨਾ, ਕਈ ਪ੍ਰਕਾਰ ਦੀ ਚਿੰਤਾ ਜਾਂ ਡਰ, ਮਾਨਸਿਕ ਤਣਾਓ, ਮੋਟਾਪਾ, ਖ਼ੂਨ ਦੀ ਕਮੀ ਜਾਂ ਪੁਰਸ਼ ਦੇ ਸ਼ੁਕਰਾਣੂ ਦੀ ਮਾਤਰਾ ਅਤੇ ਗੁਣਵੱਤਾ ਵਿੱਚ ਦੋਸ਼ ਆਦਿ ਵੀ ਬਾਂਝਪਣ ਦੇ ਕਾਰਣ ਬਣ ਸਕਦੇ ਹਨ। ਗਰਭਪਾਤ ਕਰਵਾਉਣ ਨਾਲ ਵੀ ਕਈ ਕੇਸਾਂ ਵਿੱਚ ਬਾਂਝਪਣ ਹੋ ਸਕਦਾ ਹੈ। ਮਾਹਰ ਡਾਕਟਰ ਦੀ ਸਲਾਹ ਤੋਂ ਬਗ਼ੈਰ ਵਧੇਰੇ ਗਰਭ ਨਿਰੋਧਕ ਗੋਲ਼ੀਆਂ (ਬਰਥ ਕੰਟ੍ਰੋਲ ਪਿੱਲਜ਼) ਦੀ ਵਰਤੋਂ ਵੀ ਸੰਤਾਬ ਉਤਪੱਤੀ ਵਿੱਚ ਅੜਚਣ ਪੈਦਾ ਕਰ ਸਕਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਲੋੜ ਨਾਲੋਂ ਵੱਧ ਗਰਭ ਨਿਰੋਧਕ ਗੋਲੀਆਂ ਖਾਣ ਨਾਲ ਹੋਈ ਸਮੱਸਿਆ ਵਿੱਚ ਹੋਮਿਓਪੈਥਿਕ ਦਵਾਈਆਂ ਨਾਲ ਸਹਾਇਤਾ ਹੋ ਸਕਦੀ ਹੈ। ਸੰਤਾਨ ਦੇ ਚਾਹਵਾਨ ਜੋੜਿਆਂ ਨੂੰ ਆਸਵੰਦ ਹੋ ਕੇ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ। ਚੜ੍ਹਦੀ ਕਲਾ ਵਿੱਚ ਰਹਿਣ ਦਾ ਇਲਾਜ ਦੀ ਅਸਰਦਾਇਕਤਾ ਨਾਲ ਸਿੱਧਾ ਸੰਬੰਧ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

2.ਸੁਭਾਵਕ ਗਰਭਪਾਤ (ਮਿਸਕੈਰੇਜ – ਸਪੌਨਟੇਨੀਅਸ ਅਬੌਰਸ਼ਨ) : ਕਈ ਔਰਤਾਂ ਨੂੰ ਆਪਣੇ ਆਪ ਹੀ ਗਰਭਪਾਤ ਹੋ ਜਾਂਦਾ ਹੈ। ਕਈ ਕੇਸਾਂ ਵਿੱਚ ਅਜਿਹੇ ਗਰਭਪਾਤ ਦਾ ਪਤਾ ਵੀ ਨਹੀਂ ਚਲਦਾ। ਗਰਭ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਕਈ ਵਾਰੀ ਜ਼ਿਆਦਾ ਖ਼ੂਨ ਜਾਣ ਨਾਲ ਵੀ ਗਰਭਪਾਤ ਹੋ ਸਕਦਾ ਹੈ। ਸੁਭਾਵਕ ਗਰਭਪਾਤ ਦਾ ਕੋਈ ਇੱਕ ਕਾਰਣ ਨਹੀਂ ਹੁੰਦਾ। ਮਾਹਰ ਡਾਕਟਰ ਦੀ ਸਲਾਹ ਤੋਂ ਬਿਨਾ ਕਾਫ਼ੀ ਮਾਤਰਾ ਵਿੱਚ ਤੇਜ਼ ਅਦਰ ਵਾਲੀਆਂ ਦਵਾਈਆਂ ਖਾਣ, ਤੇਜ਼ ਬੁਖ਼ਾਰ, ਪੇਟ ਉੱਪਰ ਸੱਟ ਲੱਗਣ, ਵਾਰ-ਵਾਰ ਐਕਸ-ਰੇਅ ਕਿਰਣਾਂ ਦੇ ਪ੍ਰਭਾਵ ਹੇਠ ਆਉਣਾ, ਗ੍ਰੰਥੀਆਂ ਵਿੱਚ ਵਿਗਾੜ, ਬੱਚੇਦਾਨੀ ਵਿੱਚ ਜਾਂ ਇਸ ਦੇ ਆਸ-ਪਾਸ ਰਸੌਲੀਆਂ ਹੋਣ ਅਤੇ ਯੋਨੀ ਵਿੱਚ ਕਈ ਔਜ਼ਾਰ ਪਾ ਕੇ ਵਾਰ-ਵਾਰ ਪਰੀਖਣ ਕਰਨ ਨਾਲ ਵੀ ਗਰਭਪਾਤ ਹੋ ਸਕਦਾ ਹੈ। ਮਾਹਰ ਡਾਕਟਰਾਂ ਦੀ ਇਹ ਰਾਇ ਵੀ ਹੈ ਕਿ ਜਿਨ੍ਹਾਂ ਗਰਭਵਤੀ ਔਰਤਾਂ ਨੂੰ ਵੱਧ ਬਲੱਡ ਪ੍ਰੈਸ਼ਰ, ਗੁਰਦਿਆਂ ਦਾ ਕੋਈ ਰੋਗ, ਸ਼ੁਗਰ, ਦਿਲ ਜਾਂ ਫੇਫੜਿਆਂ ਦੀ ਕੋਈ ਸਮੱਸਿਆ – ਜਿਸ ਕਰਕੇ ਗਰਭ ਵਿੱਚ ਪਲ ਰਹੇ ਬੱਚੇ ਨੂੰ ਪੂਰੀ ਆਕਸੀਜਨ ਨਾ ਮਿਲਦੀ ਹੋਵੇ – ਦੇ ਕਾਰਣ ਵੀ ਗਰਭਪਾਤ ਹੋ ਸਕਦਾ ਹੈ। ਕਈ ਔਰਤਾਂ ਨੂੰ ਤਿੰਨ-ਚਾਰ ਵਾਰ ਸੁਭਾਵਕ ਗਰਭਪਾਤ ਹੋ ਜਾਂਦਾ ਹੈ। ਅਜਿਹਾ ਹਾਰਮੋਨ ਦੀ ਕਮੀ ਜਾਂ ਅਸਮਾਨਤਾ, ਖ਼ਾਸ ਕਰਕੇ ਥਾਇਰੌਇਡ ਗ੍ਰੰਥੀ ਦੁਆਰਾ ਆਪਣਾ ਕੰਮ ਠੀਕ ਨਾ ਕਰਨ ਕਾਰਣ ਹੁੰਦਾ ਹੈ। ਬਾਰ-ਬਾਰ ਹੋਣ ਵਾਲੇ ਸੁਭਾਵੀ ਗਰਭਪਾਤ ਦੇ ਕੇਸਾਂ ਵਿੱਚ ਪੀੜਤ ਔਰਤ ਦੇ ਮਨ ਵਿੱਚ ਇੱਕ ਡਰ ਬੈਠ ਜਾਂਦਾ ਹੈ ਕਿ ਇਸ ਵਾਰੀ ਦੀ ਗਰਭ ਧਾਰਣ ਨਾਲ ਵੀ ਮੈਨੂੰ ਉਸ ਤਰ੍ਹਾਂ ਨਾ ਹੋ ਜਾਵੇ। ਕਈਆਂ ਨੂੰ ਬਾਰ-ਬਾਰ ਗਰਭਪਾਤ ਹੋਣ ਨਾਲ ਮਾਨਸਿਕ ਪੱਧਰ ਉੱਤੇ ਕਈ ਤਰ੍ਹਾਂ ਦੇ ਅਣਸੁਖਾਵੇਂ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਿਸ਼ਤੇਦਾਰਾਂ ਅਤੇ ਪਰਿਵਾਰਕ ਮੈਂਬਰਾਂ ਦੀ ਅਨਪੜ੍ਹਤਾ ਵਿੱਚੋਂ ਉਪਜੀ ਅਗਿਆਨਤਾ ਵਜੋਂ ਕਈ ਕੇਸਾਂ ਵਿੱਚ ਮਾਹਰ ਸਲਾਹ ਲੈਣ ਦੀ ਥਾਂ ਅਖੌਤੀ ਬਾਬਿਆਂ ਕੋਲ ਜਾ ਕੇ ਪਖੰਡ ਜਾਂ ਝਾੜ-ਫੂੰਕ ਦਾ ਸਹਾਰਾ ਲਿਆ ਜਾਂਦਾ ਹੈ। ਜਿਹੜੀ ਮੈਡੀਕਲ ਸਮੱਸਿਆ ਮਾਹਰ ਡਾਕਟਰ ਠੀਕ ਕਰਨ ਦੀ ਸਮਰੱਥਾ ਰੱਖਦੇ ਹਨ ਉਸ ਨੂੰ ਇਸ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਅਜਿਹੇ ਕੇਸਾਂ ਤੋਂ ਪੀੜਤਾਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਸਮਰੱਥ ਪੇਸ਼ਾਵਰ ਸਿਹਤ ਪ੍ਰਦਾਨਕਰਤਾ ਦੀ ਸੇਵਾਵਾਂ ਦਾ ਹੀ ਲਾਭ ਲਿਆ ਜਾਵੇ। ਬਾਰ-ਬਾਰ ਹੋਣ ਵਾਲੇ ਸੁਭਾਵਕ ਗਰਭਪਾਤ ਵਿੱਚ ਹੋਮਿਓਪੈਥਿਕ ਦਵਾਈਆਂ ਰਾਹੀਂ ਮਦਦ ਹੋ ਸਕਦੀ ਹੈ। ਅਸੀਂ ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇੰਕ. ਵਿਖੇ ਅਸੀਂ ਮਾਨਸਿਕ, ਜਜ਼ਬਾਤੀ ਲੱਛਣਾਂ ਦਾ ਸਰੀਰਕ ਬਿਮਾਰੀ ਨਾਲ ਤਾਲਮੇਲ ਕਰਦੇ ਹੋਏ ਹੋਮਿਓਪੈਥਿਕ ਸਿਧਾਂਤਾਂ ਅਨੁਸਾਰ “ਕਾਂਸਟੀਚਿਊਸ਼ਨਲ ਹੋਮਿਓਪੈਥਿਕ ਦਵਾਈ” ਦੀ ਚੋਣ ਕਰਦੇ ਹਾਂ। ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇਨਕਾਰਪੋਰੇਸ਼ਨ ਵਿਖੇ ਪੀੜਤ ਔਰਤ ਲਈ ਕਾਂਸਟੀਚਿਊਸ਼ਨਲ ਦਵਾਈ ਦੀ ਚੋਣ ਕਰਦੇ ਹਾਂ।

ਨਸ਼ਿਆਂ ਤੋਂ ਛੁਟਕਾਰਾ ਪਾਉ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

- ☆ CUSTOM MADE DIAMOND JEWELLERY OF:
- ☆ 10K, 14K,
- ☆ WHITE GOLD &
- ☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



ਬੁੱਧਵਾਰ ਅਤੇ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਵੱਲੋਂ ਮੇਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵਾਹਿਗੁਰੂ ਸਿਮਰਨ ਕੀਤਾ ਜਾਂਦਾ ਹੈ

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ
*ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ
*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ
*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ
*ਕਥਾ 8 ਵਜੇ ਤੋਂ 9 ਵਜੇ ਤੱਕ
ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ
*ਸੋ-ਦਰ ਚੌਂਕੀ 3.45 ਤੋਂ 4.45 ਤੱਕ
*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30
*ਆਰਤੀ ਚੌਂਕੀ 5.30 ਤੋਂ 6.15
*ਕਥਾ 6.15 ਤੋਂ 6.50 ਵਜੇ ਤੱਕ
*ਢਾਡੀ 6.50 ਤੋਂ 7.40 ਤੱਕ
ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ, ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ



ਹਾਜਰੀ ਭਰ ਰਿਹਾ ਢਾਡੀ ਜਥਾ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# FRASERVIEW MEATS

Fresh tastes better

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com



# Rai EXPRESS LINES LTD.



# Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# JUSTIN TRUDEAU DECRIMINALIZED CRACK, HEROIN & COCAINE.

**Common Sense Conservatives** will fight to keep hard drugs off our streets and fund treatment to bring our loved ones home drug-free.

**ਕਾਮਨ ਸੈਂਸ ਕੰਜ਼ਰਵੇਟਿਵ**
ਸਾਡੀਆਂ ਸੜਕਾਂ ਤੋਂ ਨਸ਼ਿਆਂ ਨੂੰ ਦੂਰ ਰੱਖਣ ਲਈ ਲੜਨਗੇ
ਅਤੇ ਸਾਡੇ ਆਪਣੇ-ਅਜ਼ੀਜ਼ਾਂ ਨੂੰ ਨਸ਼ਾ-ਮੁਕਤ ਕਰਾ
ਘਰ ਵਾਪਿਸ ਲਿਆਉਣ ਲਈ ਅਤੇ
ਇਲਾਜ ਲਈ ਫੰਡ ਕਰਨਗੇ।

ਜਸਟਿਨ ਟਰੂਡੋ ਨੇ ਨਸ਼ਿਆਂ ਨੂੰ ਗੈਰ-ਅਪਰਾਧਿਕ ਕਰਾਰ ਦਿੱਤਾ ਹੋਇਆ ਹੈ। ਕ੍ਰੈਕ, ਹੈਰੋਇਨ ਅਤੇ ਕੋਕੀਨ



**JASRAJ SINGH HALLAN MP**
*CALGARY FOREST LAWN*

**PIERRE POILIEVRE**
*LEADER OF THE OFFICIAL OPPOSITION*

JASRAJSINGH.HALLAN@PARL.GC.CA • JASRAJMP.CA • 403-207-3030